ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ. ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 90418 78800

# ਸਾਂਝੀ ਸੋਚ

SANJHI SOCH

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ

ਪੰਜਾਬੀਅਤ ਦੀ ਸੋਚ'ਤੇ ਪਹਿਰਾ




VOL-11 ISSUE 1789 | 2 July, 2024 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

## ਅਮਰੀਕਾ ਦਾ ਇਕ ਹੋਰ ਸੂਬਾ ਗੇਮਿੰਗ ਮਸ਼ੀਨਾਂ ’ਤੇ ਸ਼ਿਕੰਜਾ ਕੱਸਣ ਦੀ ਤਿਆਰੀ ’ਚ

**ਪੈਨਸਿਲਵੇਨੀਆ ਸਾਂਝੀ ਸੋਚ ਬਿਊਰੋ**

ਅਮਰੀਕਾ ‘ਚ ਗੇਮਿੰਗ ਮਸ਼ੀਨਾਂ ਨੂੰ ਕਮਾਈ ਦਾ ਸਾਧਨ ਮੰਨਿਆ ਜਾਂਦਾ ਹੈ ਪਰ ਕਈ ਸੂਬਿਆਂ ‘ਚ ਰੋਜ਼ਾਨਾ ਹਜ਼ਾਰਾਂ ਡਾਲਰ ਕਮਾਉਣ ਵਾਲੀਆਂ ਗੇਮਿੰਗ ਮਸ਼ੀਨਾਂ ‘ਤੇ ਪਾਬੰਦੀ ਲੱਗੀ ਹੋਈ ਹੈ ਅਤੇ ਹੁਣ ਅਮਰੀਕਾ ਦਾ ਇਕ ਹੋਰ ਸੂਬਾ ਗੇਮਿੰਗ ਮਸ਼ੀਨਾਂ ‘ਤੇ ਪਾਬੰਦੀ ਲਗਾਉਣ ਦੀ ਤਿਆਰੀ ਕਰ ਰਿਹਾ ਹੈ। ਕੁਝ ਸਮਾਂ ਪਹਿਲਾਂ, ਵਰਜੀਨੀਆ ਰਾਜ ਨੇ ਇੱਕ ਕਾਨੂੰਨ ਲਾਗੂ ਕਰਨ ਦੀ ਤਿਆਰੀ ਕੀਤੀ, ਜੋ ਗੇਮਿੰਗ ਮਸ਼ੀਨਾਂ ‘ਤੇ ਸਖਤ ਪਾਬੰਦੀਆਂ ਲਾਵੇਗੀ। ਹੁਣ ਪੈਨਸਿਲਵੇਨੀਆ ਵਿਚ ਵੀ ਅਜਿਹਾ ਕੁਝ ਹੋਣ ਦੀ ਸੰਭਾਵਨਾ ਹੈ। ਪੈਨਸਿਲਵੇਨੀਆ ਵਿਚ ਹਜ਼ਾਰਾਂ ਗੇਮਿੰਗ ਮਸ਼ੀਨਾਂ ਪਹਿਲਾਂ ਹੀ ਗੂੰਜ ਰਹੀਆਂ ਹਨ, ਪਰ ਰਾਜ ਦੀ ਸਰਵਉੱਚ ਅਦਾਲਤ ਆਉਣ ਵਾਲੇ ਦਿਨਾਂ ਵਿਚ ਇਸ ਬਾਰੇ ਫੈਸਲਾ ਕਰ ਸਕਦੀ ਹੈ ਕਿ ਨਕਦ ਭੁਗਤਾਨ ਕਰਨ ਵਾਲੇ ਇਲੈਕਟ੍ਰਾਨਿਕ ਗੇਮਿੰਗ ਟਰਮੀਨਲ ਅਸਲ ਵਿਚ ਜੂਏ ਦੇ ਉਪਕਰਣ ਹਨ ਜਾਂ ਨਹੀਂ। ਜਦੋਂਕਿ ਪੈਨਸਿਲਵੇਨੀਆ ਵਿਚ ਜ਼ਿਆਦਾਤਰ ਸੁਵਿਧਾ ਸਟੋਰਾਂ, ਬਾਰਾਂ ਅਤੇ ਗੈਸ ਸਟੇਸ਼ਨਾਂ ਵਿਚ ਬਿਨਾਂ ਲਾਇਸੈਂਸ ਵਾਲੀਆਂ ਗੇਮਿੰਗ ਮਸ਼ੀਨਾਂ ਆਮ ਹੋ ਗਈਆਂ ਹਨ, ਉਨ੍ਹਾਂ ਨੂੰ ਖੁੱਲ੍ਹਾ ਰੱਖਣ ਜਾਂ ਬੰਦ ਕਰਨ ਬਾਰੇ ਅਦਾਲਤ ਦਾ ਫੈਸਲਾ ਉਨ੍ਹਾਂ




ਲੋਕਾਂ ਦੁਆਰਾ ਦੇਖਿਆ ਜਾਵੇਗਾ, ਜੋ ਇਨ੍ਹਾਂ ਮਸ਼ੀਨਾਂ ਤੋਂ ਕਮਾਈ ਕਰਦੇ ਹਨ।


ਪੈਨਸਿਲਵੇਨੀਆ ਦੀ ਹੇਠਲੀ ਅਦਾਲਤ ਨੇ ਗੇਮਿੰਗ ਮਸ਼ੀਨਾਂ ਨੂੰ ਸਲਾਟ ਮਸ਼ੀਨਾਂ ਜਾਂ ਹੋਰ ਰਵਾਇਤੀ ਜੂਆ ਖੇਡਣ ਵਾਲੀਆਂ ਮਸ਼ੀਨਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਹੁਨਰ ਗੇਮਿੰਗ ਮਸ਼ੀਨਾਂ ਕਹਿ ਕੇ ਕਿਹਾ ਕਿ ਪੈਸਾ ਜਿੱਤਣਾ ਖਿਡਾਰੀ ਦੀ ਯੋਗਤਾ ‘ਤੇ ਆਧਾਰਿਤ ਹੈ। ਹੇਠਲੀ ਅਦਾਲਤ ਵੱਲੋਂ ਗੇਮਿੰਗ ਮਸ਼ੀਨਾਂ ਨੂੰ ਜੂਏ ਦੇ ਯੰਤਰ ਮੰਨਣ ਤੋਂ ਇਨਕਾਰ ਕਰਨ ਤੋਂ ਬਾਅਦ ਅਟਾਰਨੀ ਜਨਰਲ ਦੇ ਦਫ਼ਤਰ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ, ਜਿਸ ਦੀ ਹੁਣ ਸੁਣਵਾਈ ਹੋਵੇਗੀ।

## ਅਮਰੀਕਾ ਦੀ ਰਾਸ਼ਟਰਪਤੀ ਚੋਣ ਵਿਚੋਂ ਜੋ ਬਾਇਡਨ ਦੇ ਦੌੜ ’ਚੋਂ ਪਾਸੇ ਹੋਣ ਦੀ ਮੰਗ ਨੇ ਫੜਿਆ ਜ਼ੋਰ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਰਾਸ਼ਟਰਪਤੀ ਦੀ ਚੋਣ ਸਬੰਧੀ ਅਟਲਾਂਟਾ ਵਿਚ ਕਰਵਾਈ ਬਹਿਸ ਦੌਰਾਨ ਮਾੜੀ ਕਾਰਗੁਜ਼ਾਰੀ ਮਗਰੋਂ ਸੱਤਾਧਾਰੀ ਡੈਮੋਕਰੈਟਿਕ ਪਾਰਟੀ ਅਤੇ ਮੁੱਖਧਾਰਾ ਦੇ ਅਮਰੀਕੀ ਮੀਡੀਆ ਵਿਚ ਰਾਸ਼ਟਰਪਤੀ ਜੋਅ ਬਾਇਡਨ (81) ਨੂੰ ਇਸ ਦੌੜ ਵਿਚੋਂ ਲਾਂਭੇ ਕੀਤੇ ਜਾਣ ਦੀ ਮੰਗ ਜ਼ੋਰ ਫੜਨ ਲੱਗੀ ਹੈ। ਹਾਲਾਂਕਿ, ਬਾਇਡਨ ਅਤੇ ਉਨ੍ਹਾਂ ਦੀ ਪ੍ਰਚਾਰ ਟੀਮ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਹਾਰ ਨਹੀਂ ਮੰਨੀ ਅਤੇ ਉਹ 5 ਨਵੰਬਰ ਨੂੰ ਹੋਣ ਵਾਲੀ ਚੋਣ ਲੜਨ ਲਈ ਦ੍ਰਿੜ੍ਹ ਹਨ।


ਬਾਇਡਨ ਦੀ ਪ੍ਰਚਾਰ ਟੀਮ ਨੇ ਕਿਹਾ, ”ਬਾਇਡਨ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਹਨ। ਉਮੀਦਵਾਰ ਨਹੀਂ ਬਦਲਿਆ ਜਾ ਰਿਹਾ।” ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਾਇਡਨ ਨੇ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟ ਉਮੀਦਵਾਰ ਬਣਨ ਲਈ ਮੁੱਢਲੀ ਚੋਣ ਜਿੱਤ ਲਈ ਹੈ। ਵ੍ਹਾਈਟ ਹਾਊਸ ਵਿਚ ਦੂਜੀ ਵਾਰ ਦਾਖ਼ਲੇ ਦੇ ਇੱਛੁਕ ਬਾਇਡਨ ਦੀ ਆਵਾਜ਼ ਬਹਿਸ ਦੌਰਾਨ ਲੜਖੜਾਉਂਦੀ ਨਜ਼ਰ ਆਈ, ਜਿਸ ਕਾਰਨ ਸੀਨੀਅਰ ਡੈਮੋਕਰੈਟ ਆਗੂ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਕੀ ਬਾਇਡਨ ਚੋਣਾਂ ਤੋਂ ਪਹਿਲਾਂ ਆਉਂਦੇ ਦਿਨਾਂ ‘ਚ ਆਪਣੀ ਮੁਹਿੰਮ ਨੂੰ ਬਰਕਰਾਰ ਰੱਖ ਸਕਣਗੇ।



ਉਧਰ, ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵੀ ਉਮੀਦਵਾਰ ਡੋਨਲਡ ਟਰੰਪ (78) ਡੇਢ ਘੰਟੇ ਦੀ ਬਹਿਸ ਦੌਰਾਨ ਸ਼ੁਰੂ ਤੋਂ ਹੀ ਬਾਇਡਨ ‘ਤੇ ਭਾਰੂ ਰਹੇ।

ਰਾਸ਼ਟਰਪਤੀ ਦੀ ਚੋਣ ਲਈ ਅਟਲਾਂਟਾ ਵਿਚ ਵੀਰਵਾਰ ਰਾਤ ਨੂੰ ਪਹਿਲੀ ਬਹਿਸ ਮਗਰੋਂ ‘ਦਿ ਨਿਊਯਾਰਕ ਟਾਈਮਜ਼’ ਸਮੇਤ ਕਈ ਮੀਡੀਆ ਸੰਸਥਾਵਾਂ ਅਤੇ ਬਾਇਡਨ ਦੀ ਪਾਰਟੀ ਦੇ ਸਮਰਥਕ ਤੇ ਅਹਿਮ ਨੀਤੀਘਾੜੇ ਉਨ੍ਹਾਂ ਨੂੰ ਇਸ ਦੌੜ ਤੋਂ ਲਾਂਭੇ ਹੋਣ ਦੀ ਮੰਗ ਕਰ ਰਹੇ ਹਨ। ਬਹਿਸ ਮਗਰੋਂ ‘ਦਿ ਨਿਊਯਾਰਕ ਟਾਈਮਜ਼’ ਨੇ ਆਪਣੀ ਸੰਪਾਦਕੀ ਵਿਚ ਲਿਖਿਆ, ”ਆਪਣੇ ਦੇਸ਼ ਦੀ ਸੇਵਾ ਕਰਨ ਲਈ ਰਾਸ਼ਟਰਪਤੀ ਬਾਇਡਨ ਨੂੰ ਇਸ ਦੌੜ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।”
















Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

**CALL TODAY TO BUY/SELL YOUR REAL ESTATE/ BUSINESS**



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

**24 ਘੰਟਿਆਂ 'ਚ Pre-Approvals ਪ੍ਰਾਪਤ ਕਰੋ**

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

**ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ**

**Refinance @2.75% APR or lower**

EQUAL HOUSING OPPORTUNITY



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਭੁੱਖਮਰੀ ਦਾ ਸੰਕਟ, ਭਾਰਤ ਅੰਦਰ ਆਰਥਿਕ ਅਸਮਾਨਤਾ



ਸਾਂਝੀ ਸੋਚ
ਰਾਜਿੰਦਰ ਕੌਰ ਚੋਹਕਾ
ਕੈਲੇਗਰੀ (ਕੈਨੇਡਾ)
91-98725-44738
001-40385-4208
chohkarajinder@gmail.com

ਇਹ ਕਿਵੇਂ ਮੰਨਿਆ ਜਾਵੇ ਜਮੀਨੀ ਪੱਧਰ 'ਤੇ ਕਿ ਭਾਰਤ ਦੁਨੀਆਂ ਦੀ ਇਕ ਪੰਜਵੀ ਆਰਥਿਕ ਸ਼ਕਤੀ ਬਣ ਗਿਆ ਹੈ ? ਜਦ ਕਿ ਸੰਸਾਰ ਭੁੱਖ-ਮਰੀ ਦੇ ਸੂਚਕ ਅੰਕ 2023 ਦੇ ਮੁਤਾਬਿਕ ਭਾਰਤ 28.7 ਅੰਕਾਂ ਨਾਲ ਭੁੱਖਮਰੀ ਦੇ ਗੰਭੀਰ ਸੰਕਟ ਵਿੱਚ ਸ਼ਾਮਲ ਹੈ। ''ਸੰਯੁਕਤ ਰਾਸ਼ਟਰੱ ਦੀਆਂ ਦੋ ਹੋਰ ਅਜਿਹੀਆਂ ਤਾਜ਼ਾ ਰਿਪੋਰਟਾਂ ਜੋ ਦੇਸ਼ ਦੇ ਲੋਕਾਂ ਦੀ ਭੁੱਖ-ਮਰੀ 'ਤੇ ਭੋਜਨ ਨਾਲ ਜੁੜੀਆਂ ਹੋਈਆਂ ਹਨ, ਉਹ ਵੀ ਨਸ਼ਰ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਤਾਂ ! ਭੋਜਨ ਦੀ ਬਰਬਾਦੀ ਨਾਲ ਅਤੇ ਦੂਸਰੀ ਭੋਜਨ ਤੋਂ ਬਿਨ੍ਹਾਂ ਭੁੱਖ-ਮਰੀ ਨਾਲ ਜੁੜੀ ਹੋਈ ਹੈ ! ''ਸੰਯੁਕਤ-ਰਾਸ਼ਟਰੱ ਨੇ ਪਹਿਲੀ ਰਿਪੋਰਟ ਰਾਂਹੀ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਗੰਭੀਰਤਾ ਨਾਲ ਲਿਆ ਹੈ। ਪਹਿਲਾਂ ਭੋਜਨ ਦੀ ''ਬਰਬਾਦੀਂ ਦੀ ਰਿਪੋਰਟ ਜਾਰੀ ਕੀਤੀ ਗਈ ਹੈ 'ਤੇ ਦੂਸਰੀ ''ਭੁੱਖ-ਮਰੀਂ ਨਾਲ ਸਬੰਧਤ ਰਿਪੋਰਟ ਬਾਦ ਵਿਚ। ਸੰਯੁਕਤ-ਰਾਸ਼ਅਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, ''ਕਿ ਜੇਕਰ ਭੋਜਨ ਦੀ ਹਹੋ ਰਹੀ ਬਰਬਾਦੀ ਨੂੰ ਸੌ ਫੀ-ਸੱਦ ਰੋਕ ਦਿੱਤਾ ਜਾਵੇ ? ਤਾਂ ! ਜੋ ਲੋਕ ਭੁੱਖ ਦੇ ਦੁੱਖ ਕਾਰਨ ਤੜਫ਼ ਰਹੇ ਹਨ, ਉਨ੍ਹਾਂ ਨੂੰ ਕੁਝ ਢਾਰਸ ਮਿਲ ਸਕਦੀ ਹੈ ?' 2024 ਅਪ੍ਰੈਲ ਦੇ ਅੰਤ ਵਿਚ ਸੰਯੁਕਤ ਰਾਸ਼ਟਰ ਦੀ ''ਗਲੋਬਲ ਰਿਪੋਰਟ ਔਨ ਫੂਡ ਕਰਾਈਸੱ ਵਿਚ ਦੱਸਿਆ ਗਿਆ ਹੈ ਕਿ ਦੁਨੀਆਂ ਭਰ ਦੇ ਕੁੱਲ 59 ਦੇਸ਼ਾਂ ਦੇ ਲੱਗ-ਪੱਗ 28.2 ਕਰੋੜ ਲੋਕ 2023 ਵਿੱਚ ਭੁੱਖੇ ਰਹਿਣ ਲਈ ਮਜਬੂਰ ਹੋਏ। ਇਸ ਰਿਪੋਰਟ ਮੁਤਾਬਿਕ ਯੁੱਧ ਦੀ ਲਪੇਟ ਵਿਚ ਗਾਜ਼ਾਪੱਟੀ ਅਤੇ ਸੂਡਾਨ ਦੇ ਵਿਗੜੇ ਖਾਧ ਸੁਰੱਖਿਆ ਦੇ ਹਾਲਾਤਾਂ ਕਾਰਨ 2022 ਵਿੱਚ 2.4 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਭੁੱਖੇ ਰਹਿਣਾ ਪਿਆ। ਭੋਜਨ ਤੋਂ ਬਿਨ੍ਹਾਂ ਭੁੱਖੇ ਰਹਿਣ ਦੀ ਰਿਪੋਰਟ 2016 ਵਿੱਚ ਪਹਿਲਾਂ ਸੰਯੁਕਤ ਰਾਸ਼ਟਰ ਨੇ ਸ਼ੁਰੂ ਕੀਤੀ ਸੀ। ਪਹਿਲੀ ਰਿਪੋਰਟ ਦੀ ਤੁਲਨਾ ਵਿੱਚ 'ਤੇ ਤਾਜ਼ਾ ਰਿਪੋਰਟ ਵਿੱਚ ਲੋਕਾਂ ਦੇ ਭੁੱਖੇ ਰਹਿਣ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਨਾਲ ਦੀ ਨਾਲ ਖਾਧ ਸਮੱਗਰੀ ਤੋਂ ਬਿਨ੍ਹਾਂ ਵੀ ਭੁੱਖ ਨਾਲ ਤੜਫਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਭਾਂਵੇਂ ! ਭੁੱਖੇ ਰਹਿਣ ਦਾ ਇਕ ਕਾਰਨ ਗਰੀਬੀ 'ਤੇ ਬੇਰੁਜ਼ਗਾਰੀ ਵੀ ਹੋਵੇਗਾ; ਜੋ ਭੋਜਨ ਤੋਂ ਬਿਨਾਂ ਭੁੱਖ ਨਾਲ ਮਰਨ ਦਾ ਪ੍ਰਤੀਕ ਰੂਪ ਵਿਚ ਸਾਫ ਦਿਖਾਈ ਦਿੰਦਾ ਹੈ। ਜਿਨ੍ਹਾਂ ਵਿਚ ਭਾਰਤ ਵੀ ਇਕ ਦੇਸ਼ ਆਉਂਦਾ ਹੈ।

ਦੁਨੀਆਂ ਭਰ ਦੇ ਅਰਥਸ਼ਾਸਤਰੀਆਂ ਤੇ ਵਿਗਿਆਨੀਆਂ ਨੇ ਭੁੱਖ-ਮਰੀ ਦੀ ਸਮੱਸਿਆਂ ਨੂੰ ਸਮਝਣ ਲਈ ਇਕ ਪੈਮਾਨਾ ਨਿਰਧਾਰਿਤ ਕੀਤਾ ਹੈ। ਸੰਯੁਕਤ-ਰਾਸ਼ਟਰ ਦੇ ''ਖਾਧ ਅਤੇ ਖੇਤੀ ਸੰਗਠਨੱ (ਡਬਲਯੂ.ਐਫ.ਓ.) ਦੇ ਅਰਥ ਸ਼ਾਸਤਰੀ ''ਮੈਕਿਸਮੋ ਟੋਰੇਰੋੱ ਦੇ ਅਨੁਸਾਰ ਇਸ ਦੇ ਕੁੱਲ ਪੰਜ ਕਾਰਣ ਹਨ। ਇਸ ਵਿੱਚ ਭੁੱਖ ਨਾਲ (ਸੰਵਿਧਾਨਕ) ਪੀੜਤ ਲੋਕਾਂ ਨੂੰ ਪੰਜਵੇਂ ਥਾਂ 'ਤੇ ਰੱਖਿਆ ਗਿਆ ਹੈ। ਜਿਸ ਦੇ ਅੰਤਰਗਤ ਭਾਰਤ ਸਮੇਤ ਪੰਜ ਦੇਸ਼ਾਂ ਦੇ ਸਤਰ ਲੱਖ ਪੰਜ ਹਜ਼ਾਰ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿੱ 80ਫੀ-ਸੱਦ ਜਾਂ 57,07,000 ਤਾਂ ਕੇਵਲ ਇਕਲੇ ਹੀ ਯੁੱਧ ਪੀੜਤ ਗਾਜ਼ਾਪੱਟੀ ਵਿਚ ਹਨ। ਵਿਸ਼ਵ ਭੁੱਖ ਸੂਚਕ ਅੰਕ 2023 ਅਨੁਸਾਰ ਭਾਰਤ ਭੁੱਖ-ਮਰੀ ਦੇ ਸ਼ਿਕਾਰ 125-ਦੇਸ਼ਾਂ ਦੀ ਸੂਚੀ ਵਿੱਚ 111-ਵੇਂ ਸਥਾਨ 'ਤੇ ਸੀ।

ਦੇਸ਼ ਦੀ ਰਾਜ ਸਤਾ 'ਤੇ ਕਾਬਜ਼ ਰਾਜਨੀਤਕ ਲੋਕਾਂ ਨੂੰ ਖਾਸ ਕਰਕੇ ਤੀਜੀ ਵਾਰ 2024 ਵਿਚ ਐਨ.ਡੀ.ਏ. ਦੀ ਬਣੀ ਮੋਦੀ ਸਰਕਾਰ ਨੂੰ ਇਹ ਵੀ ਸੋਚਣਾ ਚਾਹੀਦਾ ਹੈ, ਕਿ ਅਸੀਂ 21-ਵੀਂ ਸਦੀ ਵਿਚ ਤਾਂ ਪਹੁੰਚ ਗਏ ਹਾਂ, 'ਤੇ ਪੰਜਵੀਂ ਸੰਸਾਰ ਆਰਥਿਕ ਸ਼ਕਤੀ ਵੀ ਬਣ ਗਏ ਹਾਂ ! ਪਰ ਸਾਡੇ ਦੇਸ਼ ਦੀ ਭੁੱਖ ਮਰੀ ਨਾਲ ਪੀੜਤ ਲੋਕਾਂ ਵਾਲੇ ਦੇਸ਼ਾਂ ਦੇ ਰੂਪ ਵਿਚ ਪਹਿਜਾਣ ਅੱਜੇ ਵੀ ਹੋ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ 2024 ਦੀਆਂ ਸੰਸਦ ਚੋਣਾਂ ਵਿਚ ਚੋਣ ਦਾ ਮੁੱਖ ਮੁੱਦਾ ਦੇਸ਼ ਵਿਚੋਂ 25-ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਣ ਦੀਆਂ ਟਾਹਰਾਂ ਮਾਰੀਆਂ ਸਨ। ਪਰ ! ਦੇਸ਼ ਵਿੱਚ ਗਰੀਬੀ ਤੇ ਭੁੱਖ ਮਰੀ ਦੇ ਅੰਕੜੇ ਡਰਾਉਣ ਵਾਲੇ ਆਏ ਹਨ। ਅਸੀਂ ਭਾਵੇਂ ! ਕਹਿ ਰਹੇ ਹਾਂ, ਕਿ ਅਸੀਂ ਆਤਮ ਨਿਰਭਰ ਤੇ ਆਧੁਨਿਕ ਵਿਗਿਆਨਕ ਤਰੱਕੀ ਕਰਕੇ ਚੰਦ ਤਕ ਪੰਹੁਚਣ 'ਤੇ ਰੱਖਿਆ ਉਪਕਰਨਾਂ ਦਾ ਨਿਰਮਾਣ ਅਤੇ ਨਿਰਆਤ ਸਮੇਤ ਵੱਖ-ਵੱਖ ਖੇਤਰਾਂ ਵਿਚ ਆਤਮ ਨਿਰਭਰ ਬਣ ਗਏ ਹਾਂ ? ਇਹ ਵੀ ਕਹਿ ਰਹੇ ਹਾਂ, ਕਿ ਸਾਡੀ ਵਿਦੇਸ਼ੀ ਨੀਤੀ, ਕੂਟਨੀਤਕ ਸੁਰੱਖਿਆ ਪ੍ਰਣਾਲੀ ਅਤੇ ਸਾਡੇ ਲੋਕਤੰਤਰ, ਸਾਹਿਤ-ਸੱਭਿਆਚਾਰ 'ਤੇ ਕਲਾਆਤਮਕ ਤੌਰ 'ਤੇ ਦੁਨੀਆਂ ਵਿਚ ਸਾਡੀ ਪਹਿਚਾਣ ਹੋ ਰਹੀ ਹੈ ? ਅਸੀਂ ਪੰਜਵੀਂ ਅਰਥ-ਵਿਵਸਥਾ 'ਚ ਪਹੁੰਚ ਗਏ ਹਾਂ ! ਅਤੇ ਜਲਦੀ ਹੀ ਕੁਝ ਸਾਲਾਂ ਵਿਚ ਦੁਨੀਆਂ ਦੀ ਤੀਸਰੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਾਉਣ ਦੀਆਂ ਡੀਗਾਂ ਵੀ ਮਾਰ ਰਹੇ ਹਾਂ ! ਪਰ ਭੁੱਖ ਦੁੱਖੋਂ ਲੋਕ ਮਰ ਰਹੇ ਹਨ । ਦੁਨੀਆਂ ਭਰ ਵਿਚ ਇਹ ਵੀ ਇਕ ਚਰਚਾ ਹੈ, ''ਕਿ ਭਾਰਤ ਦੇਸ਼ ਵਿਚ ਲੋਕ ਭੁੱਖ ਦੁਖੋਂ ਮਰ ਰਹੇ ਹਨ (ਮੀਡੀਆ ਰਿਪੋਰਟਾਂ)

''ਯੂ.ਐਨ.ਈ.ਪੀ. ਅਨੁਸਾਰ ਖਾਧ ਬਰਬਾਦੀ ਸੂਚਕ ਅੰਕੱ 2024 ਦੀ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਰੋਜਾਨਾਂ ਦੁਨੀਆ ਭਰ ਵਿਚ ਜਿੰਨੇ ਭੁੱਖੇ ਲੋਕ ਸੌਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਅਨਾਜ ਬਰਬਾਦ ਹੋ ਜਾਂਦਾ ਹੈ। ਜਿਸ ਵਿਚ ਸਭ ਤੋਂ ਵੱਡੀ ਭੂਮਿਕਾ ਹੋਟਲ, ਰੇਸਤਰਾ ਤੇ ਵਿਆਹਾਂ-ਸ਼ਾਦੀਆਂ, ਸਮਾਗਮਾਂ, ਭੰਡਾਰਿਆਂ ਅਤੇ ਧਾਰਮਿਕ ਸਕਾਨਾਂ ਰਾਂਹੀ ਨਿਭਾਈ ਜਾਂਦੀ ਹੈ। ਇਕ ਹੋਰ ਰਿਪੋਰਟ ਦੇ ਅਨੁਸਾਰ 2022 ਵਿਚ ਸੰਸਾਰ ਭਰ ਵਿੱਚ ਕੁੱਲ ਅਨਾਜ ਦੇ ਉਤਪਾਦਨ ਦਾ 19-ਫੀ ਸੱਦ ਭਾਵ ! ਲੱਗ-ਪੱਗ 1.05 ਅਰਬ ਟਨ ਅਨਾਜ ਬਰਬਾਦ ਹੋ ਗਿਆ ਸੀ। ਇਸ ਰਿਪੋਰਟ ਮੁਤਾਬਿਕ, ਇਹ ਅਨਾਜ ਖੇਤ ਤੋਂ ਲੈ ਕੇ ਥਾਲੀ ਤੱਕ ਪਹੁੰਚਦਿਆਂ -ਪਹੁੰਚਦਿਆਂ 13-ਫੀ-ਸਦ ਅਨਾਜ ਬਰਬਾਦ ਹੋ ਜਾਂਦਾ ਹੈ।

''ਸੰਯੁਕਤ ਰਾਸ਼ਟਰ ਵਾਤਾਵਰਣ ਸਰਗਰਮੀਂ ਦੀ ਖਾਧ ਬਰਬਾਦੀ ਸੂਚਕ ਅੰਕ ਦੀ ਰਿਪੋਰਟ ਸਾਲ 2030 ਤੱਕ ਭੋਜਨ ਦੀ ਬਰਬਾਦੀ ਨੂੰ ਅੱਧਾ ਕਰਨ ਦੇ ਲਈ ਦੇਸ਼ਾਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ, ਕਿ ਜੇਕਰ ਅਨਾਜ ਦੀ ਬਰਬਾਦੀ ਨੂੰ ਰੋਕ ਲਿਆ ਜਾਵੇ ! ਤਾਂ ਦੁਨੀਆਂ ਵਿਚ ਹੋ ਰਹੀ ਭੁੱਖ ਮਰੀ ਖੱਤਮ ਹੋ ਸਕਦੀ ਹੈ। ਕਿਉਂਕਿ ਅੱਜ ਦੁਨੀਆਂ ਵਿਚ ਰੋਜਾਨਾ 78-3 ਕਰੋੜ ਲੋਕ ਗੰਭੀਰ ਭੁੱਖ ਦਾ ਸਾਹਮਣਾ ਕਰ ਰਹੇ ਹਨ। ਜਦ ਕਿ ਇਕ ਅਰਬ ਲੋਕਾਂ ਦਾ ਖਾਣਾ ਬਰਬਾਦ ਹੋ ਜਾਂਦਾ ਹੈ।

ਅਨਾਜ ਦੀ ਹੋ ਰਹੀ ਬਰਬਾਦੀ ਦੇ ਸੁਧਾਰ ਚਾਹੁੰਣ ਵਾਲਿਆਂ ਦੇ ਅਨੁਸਾਰ ਪ੍ਰਤੀ ਵਿਅਕਤੀ ਲੱਗ-ਪੱਗ 79-ਕਿਲੋ ਗ੍ਰਾਮ ਹਰ ਸਾਲ ਭੋਜਨ ਬਰਬਾਦ ਹੋ ਜਾਂਦਾ ਹੈ ? ਜੋ ਦੁਨੀਆਂ ਭਰ ਵਿਚ ਪ੍ਰਤੀ ਦਿਨ ਬਰਬਾਦ ਹੋਣ ਵਾਲੇ ਘੱਟੋ-ਘੱਟ ਇਕ ਅਰਬ ਲੋਕਾਂ ਦੇ ਭੋਜਨ ਦੀ ਥਾਲੀ ਦੇ ਬਰਾਬਰ ਹੈ। ਜੇਕਰ ਦੇਖਿਆ ਜਾਵੇ ਤਾਂ ਭੋਜਨ ਦੀ ਬਰਬਾਦੀ ਵੀ ਸੰਸਾਰ ਦੀ ਤਰਾਸਦੀ ਹੈ। ਜਿਸ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਸਮੱਸਿਆ ਸਾਰੇ ਸੰਸਾਰ ਦੀ ਅਰਥ ਵਿਵਸਥਾ 'ਤੇ ਨਿਕਾਰਆਤਮਿਕ ਪ੍ਰਭਾਵ ਹੀ ਨਹੀਂ ਪਾਉਂਦੀ ਸਗੋਂ 'ਤੇ ਜਲ-ਵਾਯੂ ਪ੍ਰੀਵਰਤਨ ਅਤੇ ਜੀਵਾਂ ਲਈ ਵੀ ਨੁਕਸਾਨ ਪਹੁੰਚਾਉਣ ਲਈ ਵੀ ਜਿੰਮਵਾਰ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਅੰਦਰ ਸਾਲ 2022-23 ਦੀ ਰਿਪੋਰਟ ਅਨੁਸਾਰ 74 ਮਿਲੀਅਨ ਅਨ ਖਾਧ ਪਦਾਰਥ ਬਰਬਾਦ ਹੋਇਆ ਸੀ। ਇਸੇ ਤਰ੍ਹਾਂ ਹੀ ਦੇਸ਼ ਅੰਦਰ ਪੈਦਾ ਹੋਏ ਅਨਾਜ ਦਾ 22-ਫੀ ਸੱਦ ਜਾਂ 10-ਫੀ ਸੱਦ ਕੁੱਲ ਪੈਦਾ ਹੋਏ ਅਨਾਜ, ਸਬਜ਼ੀਆਂ ਅਤੇ ਫਲਾਂ ਦੀ ਸਾਂਭ-ਸੰਭਾਲ ਅਤੇ ਦੁਰ-ਪ੍ਰਬੰਧਨ ਕਾਰਨ ਹੀ ਬਰਬਾਦ ਹੋ ਜਾਂਦਾ ਹੈ। ਸੰਸਾਰ ਅੰਦਰ ਪੈਦਾ ਹੋਏ 931-ਮਿਲੀਅਨ ਟਨ ਅਨਾਜ (17-ਫੀ ਸੱਦ ਹਿੱਸੇ 'ਚੋਂ) ਕੇਵਲ 8-ਫੀਸਦ ਹੀ ਭਾਰਤ ਦਾ ਹਿੱਸਾਹੈ (2019)। ''ਭਾਰਤੀ ਖੇਤੀ ਕੌਂਸਲ ਅਤੇ ਖੋਜੱ ਦਿੱਲੀ ਦੀ ਰਿਪੋਰਟ ਅਨੁਸਾਰ ਭਾਰਤ ਅੰਦਰ 10-ਫੀਸੱਦ ਅਨਾਜ, ਸਬਜ.ਆਂ, ਫੱਲ, ਦੁੱਧ ਅਤੇ ਅੰਡਿਆਂ ਦੀ ਪੈਦਾਵਾਰ ਦਾ ਮਨੁੱਖ ਦੀ ਥਾਲੀ ਤਕ ਪਹੁੰਚਦੇ-ਪਹੁੰਚੇ ਹੀ ਬਰਬਾਦ ਅਤੇ ਖਰਾਬ ਹੋ ਜਾਣਾ, ਇਕ ਬਹੁਤ ਵੱਡਾ ਦੁਖਾਂਤਾ ਹੈ ! ਜਦ ਕਿ ਇਸ ਦੇ ਮੁਕਾਬਲੇ ਸੰਸਾਰ ਦੀ ਕੁੱਲ 15.3 ਬਿਲੀਅਨ ਸਲਾਨਾ ਖਾਧ ਦੀ ਪੈਦਾਵਾਰ ਵਿਚੋਂ ਕੇਵਲ 19-ਫੀ ਸੱਦ ਹੀ ਬਰਬਾਦੀ ਹੁੰਦੀ ਹੈ। ਸੰਸਾਰ ਅੰਦਰ 121-ਕਿਲੋਗ੍ਰਾਮ ਪ੍ਰਤੀ ਵਿਅਕਤੀ ਸਲਾਨਾ ਅਨਾਜ ਦੀ ਬਰਬਾਦੀ ਹੁੰਦੀ ਹੈ, (ਸੰਯੁਕਤ ਰਾਸ਼ਟਰ ਆਰਥਿਕ ਵਾਧਾ 2021-ਰਿਪੋਰਟ)।

ਵਿਸ਼ਵ ਅਸਮਾਨਤਾ ਦੀ ਇਕ ਹੈਰਾਨੀ ਵਾਲੀ ਸੰਯੁਕਤ -ਰਾਸ਼ਟਰ ਦੀ ਇਕ ਤਾਜ਼ਾ ਰਿਪੋਰਟ ਮੁਤਾਬਿਕ ਦੁਨੀਆਂ ਵਿਚ ਲਗ-ਪੱਗ 80-ਕਰੋੜ ਲੋਕ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ ਦੂਸਰੇ ਪਾਸੇ ਭੋਜਨ ਦੀਆਂ ਲੱਗ-ਪੱਗ ''ਇਕ ਅਰਬੱਥਾਲੀਆਂ ਬਰਬਾਦ ਕਰ ਦਿੱਤੀਆ ਜਾਂਦੀਆਂ ਹਨ। ''ਸੰਯੁਕਤ ਰਾਸ਼ਟਰ ਨੇ ਗਲੋਬਲ ਰਿਪੋਰਟ ਔਨਫੂਡ ਕਰਾਈਸਿਸ (ਖਾਧ ਸੰਕਟ ਤੇ ਵਿਸ਼ਵ ਰਿਪੋਰਟ) ਵਿੱਚ ਦੱਸਿਆ ਹੈ, ਕਿ ਭੁੱਖਨਾਲ ਤੜਫਨ ਵਾਲਿਆਂ ਵਿਚ ਬੱਚੇ, ਇਸਤਰੀਆਂ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਹਨ।

ਭਾਰਤ ਭਾਵੇਂ ਚੀਨ ਅਤੇ ਅਮਰੀਕਾ ਬਾਦ ਅੰਨ ਦੀ ਪੈਦਾਵਾਰ 'ਚ ਮੋਹਰੀ ਦੇਸ਼ ਹੈ। ਕਿਉਂਕਿ? ਇਥੋਂ ਦੀ ਜ਼ਮੀਨ, ਪਾਣੀ (ਕਾਰਬਨ ਫੂਡ ਪ੍ਰਿੰਟ ਤੇ ਵਾਤਾਵਰਣ) ਖੇਤੀ ਲਈ ਅਨੁਕੂਲ ਹੁੰਦਾ ਹੈ। ਪਰ! ਇਥੇ ਭੁੱਖ-ਮਰੀ 'ਤੇ ਮਹਿੰਗਾਈ ਦੇ ਬਾਵਜੂਦ 50-ਕਿਲੋਗ੍ਰਾਮ ਪ੍ਰਤੀ ਵਿਅਕਤੀ ਹਰ ਸਾਲ ਖਾਧ ਪਦਾਰਥ ਬਰਬਾਦ ਅਤੇ ਖਰਾਬ ਹੋ ਜਾਂਦਾ ਹੈ। ਜਿਸ ਲਈ ਸਾਡੇ ਪਾਸ ਅਨਾਜ ਦੀ ਪੈਦਾਵਾਰ ਤੋਂ ਲੈ ਕੇ ਸਟੋਰ ਕਰਨ ਤੱਕ ਵਧੀਆ ਸਹੂਲਤਾਂ ਅਤੇ ਪ੍ਰਬੰਧ ਨਹੀਂ ਹਨ। ਫਸਲਾਂ ਦੀ ਕਟਾਈ, ਸਾਂਭ-ਸੰਭਾਲ, ਟਰਾਂਸਪੋਰਟ, ਮੰਡੀਕਰਨ, ਸੋਟਰ, ਕੋਲਡ ਸਟੋਰ 'ਤੇ ਫਸਲ ਬੀਜਣ ਤੋਂ ਲੈ ਕੇ ਮਨੁੱਖ ਦੀ ਥਾਲੀ ਤੱਕ ਸਾਰੇ ਰਾਹਾਂ 'ਤੇ ਵਿਚਲੇ ਸ਼ੋਸ਼ਣ ਕਰਨ ਲਈ ਬੈਠੇ ਹਨ। ਜਿਸ ਕਰਕੇ ਅਜੇ ਤੱਕ ਵੀ ਅਸੀਂ ਰਵਾਇਤੀ ਢੰਗ, ਤਰੀਕਿਆਂ 'ਤੇ ਗੈਰ-ਵਿਗਿਆਨਕ ਢੰਗਾਂ ਦੇ ਨਾਲ ਹੀ ਜੁੜੇ ਹੋਏ ਹਾਂ। 74-ਮਿਲੀਅਨ ਟਨ ਪੈਦਾਵਾਰ, ਉਪੱਜ ਦਾ 22-ਫੀ-ਸੱਦ ਹਿੱਸਾ ਹਰ ਸਾਲ ਬਰਬਾਦ ਜਾਂ ਖਰਾਬ ਹੋ ਜਾਂਦਾ ਹੈ। ਜੋ ਕੁੱਲ ਪੈਦਾਵਾਰ ਦਾ 10-ਫੀ-ਸੱਦ ਬਣਦ ਹੈ। ਇਸ ਕਰਕੇ ਹੀ ਭਾਰਤ ਦੇ ਲੋਕ ਹਰ ਸਾਲ ਭੁੱਖ ਨਾਲ ਵਿਆਕੁਲ ਹੁੰਦੇ ਹਨ। (ਗਲੋਬਲ ਹੰਗਰ ਇਡੈਕਸਰ ਰਿਪੋਰਟ)। ਭਾਰਤ ਅੰਦਰ ਹਿੰਦੂ ਦੀ ਰਿਪੋਰਟ ਨਵੰਬਰ 2021 ਕਿ 194.6 ਮਿਲੀਅਨ ਲੋਕ ਕੁਪੋਸ਼ਣ ਦੇ ਸ਼ਿਕਾਰ, ''ਖੁਰਾਕ ਤੇ ਖੇਤੀ ਸੰਸਥਾਂ ਦੀ ਰਿਪੋਰਟ ਅਨੁਸਾਰ 28.7 ਫੀ-ਸੱਦ ਲੋਕ ਭੱਖ-ਮਰੀ ਦਾ ਸ਼ਿਕਾਰ (2023) ਸਨ। ਡਾ:ਅਮ੍ਰਿਤਿਆ ਸੇਨ ਦਾ ਕਹਿਣਾ ਹੈ, ''ਕਿ ਲੋਕਾਂ ਕੋਲ ਖਾਧ ਪਦਾਰਥ ਖਰੀਦਣ ਦੀ ਸ਼ਕਤੀ ਨਹੀ ਹੈ।

ਜਿਸ ਦਾ ਮੁੱਖ ਕਾਰਨ ਖਾਧ ਸਬੰਧੀ ਸਰਕਾਰੀ ਨੀਤੀਆਂ ਹੀ ਨੁਕਸਦਾਰ ਹਨ। ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਦੀਆਂ ਗਰੀਬਾਂ 'ਤੇ ਦੇਸ਼ ਦੇ ਹਰ ਵਰਗ ਅੰਦਰ ਕਿਸਾਨਾਂ, ਮਜ਼ਦੂਰਾਂ, ਦਲਿੱਤਾ, ਆਦਿਵਾਸੀਆਂ ਤੇ ਗਰੀਬੀ ਵਿਚ ਰਹਿ ਰਹੇ ਲੋਕਾਂ ਨੂੰ ਗਰੀਬੀ ਵਿਚੋਂ ਕੱਢਣ ਦੀਆ ਲੀਤੀਆਂ ਕਾਰਨ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਜਦ ਕਿ ਉਪਰਲਾ ਵਰਗ ਜਿਸ ਨੂੰ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੈ, ਵੁਹ ਵਰਗ ਅੱਜ ਅਜ਼ਾਦੀ ਦੇ 75 ਸਾਲਾਂ ਬਾਦ ਵੀ ਹੋਰ ਅਮੀਰ ਤੋਂ ਅਮੀਰ ਹੋ ਰਿਹਾ ਹੈ। ਅੱਜ ਜਿਸ ਕਰਕੇ ਦੇਸ਼ ਅੰਦਰ ਆਰਥਿਕ ਪਾੜਾ ਵੱਧਣ ਕਾਰਨ ਗਰੀਬ,ਵਰਗ ਗਰੀਬੀ-ਗੁਰਬਤ ਵੱਲ ਜਾ ਰਿਹਾ ਹੈ।

ਭਾਰਤ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਅਸੀਂ ਚੌਲਾਂ, ਕਣਕ, ਦਾਲਾਂ, ਦੁੱਧ, ਗੰਨਾ ਅਤੇ ਮੋਟੇ ਅਨਾਜ ਵਿਚ ਭਾਂਵੇਂ ! ਅਸੀਂ ਅੱਗੇ ਵੱਧ ਹਾਂ, ਪਰ ! ਭੁੱਖ ਅਤੇ ਕੁਪੋਸ਼ਣ ਸਾਡਾ ਪਿੱਛਾ ਨਹੀਂ ਛੱਡ ਰਹੀ ਹੈ। ਅੱਜ ਅਸੀ 125-ਦੇਸ਼ਾਂ ਅੰਦਰ 'ਭੁੱਖਮਰੀਂ ਦੇ 111-ਵੇਂ ਸਥਾਨ 'ਤੇ ਹਾਂ ! ਕਿਉਂਕਿ ? ਸਾਨੂੰ ਗੁਣਵੰਤਾਂ ਵਾਲੀ ਖੁਰਾਕ ਅਤੇ ਪੇਟ ਭਰਵੀਂ ਰੋਟੀ ਨਹੀਂ ਮਿਲ ਰਹੀ ਹੈ ! ਅੱਜ ਵੀ 1.41 ਬਿਲੀਅਨ ਅਬਾਦੀ ਵਿਚੋਂ 190 ਮਿਲੀਅਨ ਭਾਰਤੀ ਭੁੱਖੇ ਹਨ। ਕਿਉਂਕਿ? ਦੇਸ਼ ਅੰਦਰ ਪੂੰਜੀਵਾਦੀ, ਫਿਰਕੂ ਅਤੇ ਅਜ਼ਾਰੇਦਾਰੀ ਪੱਖੀ ਆਰਥਿਕ ਨੀਤੀਆ ਨੂੰ ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਵਲੋਂ ਲਾਗੂ ਕਰਨ ਅਤੇ ਜਾਰੀ ਰੱਖਣ ਕਾਰਨ ਸਾਡੇ ਦੇਸ਼ ਦੀ ਕੌਮੀ ਸੰਪਤੀ ਅਤੇ ਆਰਥਿਕਤਾ ਇਕ ਪਾਸੜ ਵੱਧ ਰਹੀ ਹੈ। ਅੱਜ ਪੂੰਜੀ ਦਾ ਵਿਕਾਸ 'ਤੇ ਵਾਹਅ ਜੋ ਅਜਾਰੇਦਾਰ ਪੱਖੀ ਹੋਣ ਕਰਕੇ, 'ਆਰਥਿਕ ਨਾ-ਬਰਾਬਰੀਆਂ ਅਤੇ ਅਸਮਾਨਤਾਵਾਂ ਵਧੀਆਂ ਹਨ। ਇਸ ਨਾ-ਬਰਾਬਰੀ ਵਾਲੇ ਆਰਥਿਕ ਸਿਸਟਮ ਨੇ ਆਮ ਲੋਕਾਂ 'ਤੇ ਕਿਰਤੀ ਤੀ ਰੋਜ਼ੀ-ਰੋਟੀ ਬਰਬਾਦ ਕਰ ਦਿੱਤੀ ਗਈ ਅਤੇ ਖੋਹੀ ਜਾ ਰਹੀ ਹੈ। ਖੇਤੀ ਸੈਕਟਰ, ਮੌਜੂਦਾ ਉਦਾਰੀਵਾਦੀ ਆਰਥਿਕ ਨੀਤੀਆਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜਿਸ ਕਾਰਨ ਅੱਜ ! ਛੋਟਾ ਕਿਸਾਨ, ਪੇਂਡੂ ਮਜ਼ਦੂਰ ਅਤੇ ਕਿਰਤੀ ਲੋਕਾਂ ਦੀ ਬਹੁ-ਗਿਣਤੀ ਦਾ ਹਿੱਸਾ ਪ੍ਰਤੀ-ਦਿਨ ਦੋ ਡਾਲਰ ਜਾਂ ਇਸ ਤੋਂ ਵੀ ਘੱਟ ਰੋਜ਼ਾਨਾ ਆਮਦਨ ਹੋਣ ਕਾਰਨ ਦੋ ਵੇਲੇ ਦੀ ਰੋਟੀ ਖਾਣ ਤੋਂ ਵੀ ਆਤੁਰ ਹਨ। ਇਸ ਕਰਕੇ ਹੀ ਭਾਰਤ ਨੂੰ 'ਸਮੂਹਿਕ ਗਰੀਬੀਂ ਭਾਵ ! ਜਨ-ਗਰੀਬੀ ਦਾ ਦੇਸ਼ ਕਿਹਾ ਜਾ ਰਿਹਾ ਹੈ। ਜਦ ਕਿ ਕੇਂਦਰ ਦੀ ਸਰਕਾਰ ਖੁੱਦ ਮੰਨ ਰਹੀ ਹੈ, ''ਕਿ ਅਸੀਂ ਦੇਸ਼ ਦੇ 80-ਕਰੋੜ ਲੋਕਾਂ ਨੂੰ ਅਨਾਜ ਹਰ ਮਹੀਨੇ ਦੇ ਰਹੇ ਹਾਂ।' ਭਾਵ! ਭਾਰਤ ਦਾ ਅਵਾਮ ਇਕ ਦਿਨ ਦਾ ਲੋੜ ਬਰਾਬਰ ਖੁੱਦ ਖਾਣਾ ਪੈਦਾ ਕਰਨ 'ਚ ਨਾ-ਕਾਮਯਾਬ ਹੈ।

ਸਮੂਹਿਕ ਗਰੀਬੀ ਜਾਂ ਜਨ ਗਰੀਬੀ 'ਚੋਂ ਮੁਕਤੀ ਦਿਵਾਉਣ ਲਈ ਭਾਰਤ ਅੰਦਰ ਅਨਾਜ, ਸਬਜ਼ੀਆਂ, ਫੱਲ, ਦੁੱਧ, ਆਂਡੇ ਅਤੇ ਹੋਰ ਜ਼ਰੂਰੀ ਪਦਾਰਥਾਂ ਦੀ ਪੈਦਾਵਾਰ ਤੋਂ ਲੈ ਕੇ ਥਾਲੀ ਤੱਕ ਪਹੁੰਚਾਉਣ ਲਈ ਇਕ ਵਿਗਿਆਨਕ ਚੇਨ ਹੋਵੇ। ਜਿਸ ਵਿਚੋਂ ਵਿਚੋਲੇ ਕੱਢ ਦਿੱਤੇ ਜਾਣ 'ਤੇ ਜਨਤਕ ਜਮਹੂਰੀ ਢੰਗਾਂਨਾਲ ਚੁਣੇ ਲੋਕਾਂ ਦੇ ਨੁਮਾਇੰਦਿਆਂ ਦੀ ਦੇਖ-ਭਾਲ 'ਤੇ ਸਹਾਇਤਾ ਲਈ ਲੋਕ ਨਿਗਰਾਨੀ ਵਾਲੀ ਸਪਲਾਈ ਚੇਨ ਹੋਵੇ। ਨੁਕਸਦਾਰ ਸਾਰਾ ਢਾਂਚਾ ਜੋ 40-ਫੀ-ਸੱਦ ਅਨਾਜ ਦੀ ਬਰਬਾਦੀ ਲਈ ਜਿੰਮੇਵਾਰ ਹੈ, ਬਦਲ ਦਿੱਤਾ ਜਾਵੇ। ਦੇਸ਼ ਅੰਦਰ ਖਾਧ-ਖੁਰਾਕ ਦੀ ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਅਜਿਹੇ ਜਮਹੂਰੀ ਪ੍ਰਬੰਧ ਹੀ ਕਿਸਾਨ ਤੇ ਖਪਤਕਾਰ ਨੂੰ ਪੂਰਾ ਇਨਸਾਫ ਦੇ ਸੱਕਣਗੇ ਅਤੇ ਹਰ ਭਾਰਤੀ ਨੂੰ ਖਾਣ ਲਈ 'ਤੇ ਪੇਟ ਭਰਨ ਲਈ ਦੋ ਛੰਗ ਦੀ ਰੋਟੀ ਦੇਣ ਦੇ ਯੋਗ ਬਣਾਉਣ ਯੋਗ ਹੋ ਸੱਕੇਗਾ।

ਜਦੋਂ ਹਰ ਭਾਰਤੀ ਨੂੰ ਹਾਕਮ ਸਿਹਤ, ਸਿੱਖਿਆ, ਰੁਜ਼ਗਾਰ ਦੀ ਸੰਵਿਧਾਨਿਕ ਗ੍ਰੰਟੀ ਅਤੇ ਸਮਾਜਿਕ ਸੁਰੱਖਿਆ ਲਈ ਆਰਥਿਕ ਅਜ਼ਾਦੀ ਦੀ ਢਾਲ ਅਤੇ ਓਟ ਦੇਣ ਯੋਗ ਹੋਣਗੇ, ਉਦੋਂ ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਖੁਦ ਆਪਣੇ ਆਪ ਤੇ ਨਿਰਭਰ ਮਹਿਸੂਸ ਕਰੇਗਾ ਅਤੇ ਉਹ ਖੁਦ ਵੀ ਪੇਟ ਭਰਨ ਯੋਗ ਵੀ ਹੋ ਜਾਵੇਗਾ। ਫਿਰ ਭਾਰਤੀ ਨਾਗਰਿਕ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ''ਰਿਊੜੀਆਂ 'ਤੇ ਚੋਗੋਂ ਦੀ ਲੋੜ ਨਹੀ ਪਏਗੀ ? ਜੋ ਭੁੱਖਿਆਂ ਨੂੰ ਗੁੰਮਰਾਹ ਕਰਕੇ, ਵੋਟ ਪ੍ਰਾਪਤ ਕਰਕੇ ਫਿਰ ਲੋਕਾਂ ਨੂੰ ''ਗਰੀਬੀ-ਗੁਰਬਤੱ ਦੀ ਖਾਈ ਵਿਚ ਸੁੱਟ ਦਿੰਦੇ ਹਨ। ਲੋਕਾਂਅੰਦਰ ਇਕ ਜਾਗਰੂਕਤਾ ਦੀ ਲਹਿਰ ਅਤੇ ਆਪਣੀ ਹੋਂਦ ਨੂੰ ਸਮਝਣ ਲਈ ਰਾਜਨੀਤਕ-ਆਰਥਿਕ ਸੰਘਰਸ਼ ਕਰਨਾ ਪਏਗਾ ? ਤਾਂ ! ਹੀ, ਵੁਹ ਆਪਣੀ ਮੁਕਤੀ ਵੱਲ ਕਦਮ ਪੁੱਟ ਕੇ ਆਰਥਿਕ ਬਰਾਬਰਤਾ ਪ੍ਰਾਪਤ ਕਰ ਸੱਕਣਗੇ ?



# GINNY BEDI LAW PC



Ginny Bedi Attorney

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।

255 N Market St Ste 150 San Jose CA 95110

Tel: (408) 800-0242 Fax: (408) 800-0240, Mobile: (408) 802-2501

Email: ginny@ginnybedilaw.com Web: www.ginnybedilaw.com


SAI JEWELERS
Making Every
Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜ੍ਹੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of
Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
DOT DRUG TEST EVERYTHING YOU NEED TO KNOW
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਅੰਮ੍ਰਿਤਸਰ ਲੁੱਟ ਕੇਸ: ਪੀੜਤ ਦੇ ਡਰਾਈਵਰ ਦੀ ਧੀ, ਉਸਦੇ ਮੰਗੇਤਰ ਸਮੇਤ 7 ਗ੍ਰਿਫ਼ਤਾਰ, 41.40 ਲੱਖ ਰੁਪਏ ਦੀ ਨਕਦੀ, 800 ਗ੍ਰਾਮ ਸੋਨਾ ਕੀਤਾ ਬਰਾਮਦ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਨਸਨੀਖੇਜ਼ ਅੰਮਿਰਤਸਰ ਲੁੱਟ ਕੇਸ ਦਾ ਖੁਰਾ-ਖੋਜਦਿਆਂ ਪੀੜਤ ਦੇ ਡਰਾਈਵਰ ਦੀ ਧੀ ਅਤੇ ਉਸ ਦੇ ਮੰਗੇਤਰ, ਜਿਨ੍ਹਾਂ ਨੇ ਡਕੈਤੀ ਦੀ ਪੂਰੀ ਸਾਜ਼ਿਸ਼ ਰਚੀ ਸੀ, ਨੂੰ 7 ਮੁਲਜ਼ਮਾਂ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਦਿੰਦਿਆਂ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਸ਼ਿਵਾਨੀ (28) ਵਾਸੀ ਅਮਰ ਐਵੀਨਿਊ ਖੰਡਵਾਲਾ ਛੇਹਰਟਾ ਅਤੇ ਉਸ ਦੇ ਮੰਗੇਤਰ ਗੁਰਟੇਕ ਸਿੰਘ (23) ਵਾਸੀ ਅਜਨਾਲਾ ਅਤੇ ਇਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ (34) ਵਾਸੀ ਮਜੀਠਾ ਰੋਡ ਅੰਮ੍ਰਿਤਸਰ, ਸੰਦੀਪ ਸਿੰਘ (29) ਵਾਸੀ ਜੰਡਿਆਲਾ, ਦੀਪਕ ਕੁਮਾਰ (30) ਪਿੰਡ ਮਾਹਲ, ਹਰਦੇਵ ਸਿੰਘ (53) ਅਜਨਾਲਾ ਅਤੇ ਹਰਪਾਲ ਸਿੰਘ (52) ਰਾਜਾਸਾਂਸੀ ਅੰਮ੍ਰਿਤਸਰ ਵਜੋਂ ਹੋਈ ਹੈ। ਮੁਲਜ਼ਮ ਸ਼ਿਵਾਨੀ ਨਰਿੰਦਰ ਮੋਹਨ ਮਹਿਤਾ, ਜੋ ਕਿ ਪੀੜਤ ਜੀਆ ਲਾਲ ਬਹਿਲ ਦਾ ਡਰਾਈਵਰ ਹੈ, ਦੀ ਧੀ ਹੈ ਜੋ ਕਿ ਪੀੜਤ ਦੀ ਦੌਲਤ-ਸ਼ੋਹਰਤ ਤੋਂ ਭਲੀਭਾਂਤ ਜਾਣੂ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਬੁੱਧਵਾਰ ਤੜਕੇ ਚਾਰ ਹਥਿਆਰਬੰਦ ਵਿਅਕਤੀ, ਜਿਨਾ ਨੇ ਮੂੰਹ ਢਕੇ ਹੋਏ ਸਨ, ਨੇ ਪੀੜਤ ਜੀਆ ਲਾਲ ਦੇ ਘਰ 'ਚ ਦਾਖਲ ਹੋ ਕੇ 90 ਲੱਖ ਰੁਪਏ ਅਤੇ 3 ਕਿਲੋ ਦੇ ਗਹਿਣਿਆਂ ਦੀ ਲੁੱਟ ਕੀਤੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਤਿੰਨ ਮੁਲਜ਼ਮਾਂ- ਗੁਰਪ੍ਰੀਤ, ਸੰਦੀਪ ਅਤੇ ਦੀਪਕ ਨੂੰ ਮਹਾਰਾਸ਼ਟਰ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਇੱਕ ਅੰਤਰ-ਰਾਜੀ ਕਾਰਵਾਈ ਤਹਿਤ ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ , ਜਦ ਕਿ ਬਾਕੀ ਚਾਰ ਵਿਅਕਤੀਆਂ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ 41.40 ਲੱਖ ਰੁਪਏ ਦੀ ਨਕਦੀ ਅਤੇ 800 ਗ੍ਰਾਮ ਸੋਨਾ ਵੀ ਬਰਾਮਦ ਕੀਤਾ ਹੈ। ਡੀਜੀਪੀ ਨੇ ਕਿਹਾ ਕਿ ਪੁਲਿਸ ਟੀਮਾਂ ਵੱਲੋਂ ਇਸ ਸਨਸਨੀਖੇਜ਼ ਲੁੱਟ ਦੇ ਕੇਸ ਨੂੰ ਸੁਲਝਾਉਣ ਲਈ ਪੇਸ਼ੇਵਰ ਅਤੇ ਵਿਗਿਆਨਕ ਪਹੁੰਚ ਅਪਣਾਈ ਗਈ। ਇਸ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਏ.ਡੀ.ਸੀ.ਪੀ ਸਿਟੀ-2 ਅਭਿਮਨਿਊ ਰਾਣਾ ਅਤੇ ਏ.ਸੀ.ਪੀ ਉੱਤਰੀ ਵਿਜੇ ਕੁਮਾਰ ਦੀ ਦੇਖ-ਰੇਖ ਹੇਠ ਸਿਵਲ ਲਾਈਨ ਪੁਲਿਸ ਸਟੇਸ਼ਨ, ਸੀ.ਆਈ.ਏ.-1 ਅਤੇ ਸੀ.ਆਈ.ਏ.-2 ਦੀਆਂ ਪੁਲਿਸ



ਟੀਮਾਂ ਨੇ ਤੁਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ 12 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਕੇਸ ਨੂੰ ਟਰੇਸ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਅਤੇ 24 ਘੰਟਿਆਂ ਵਿੱਚ ਮਹਾਰਾਸ਼ਟਰ ਤੋਂ ਤਿੰਨ ਮੁਲਜ਼ਮਾਂ ਨੂੰ ਜਾ ਦਬੋਚਿਆ। ਜਦਕਿ ਬਾਕੀ ਚਾਰ ਮੁਲਜ਼ਮਾਂ ਨੂੰ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੀ.ਪੀ. ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਸ਼ਾਮਲ ਦੋ ਹੋਰ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਇਸ ਸਬੰਧੀ ਐਫਆਈਆਰ ਨੰ. 107 ਮਿਤੀ 26-06-2024 ਨੂੰ ਆਈ.ਪੀ.ਸੀ. ਦੀ ਧਾਰਾ 394 ਅਤੇ ਅਸਲਾ ਐਕਟ ਦੀ ਧਾਰਾ 25 ਅਧੀਨ ਥਾਣਾ ਸਿਵਲ ਲਾਈਨ ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਸੀ।

## ਮਹਿੰਦਰ ਕੰਡਾ Livingston City ਦੇ ਪਲੈਨਿੰਗ ਕਮਿਸ਼ਨਰ ਨਿਯੁਕਤ ਕੀਤੇ ਗਏ

ਲਿਵਿੰਗਸਟਨ
ਸਾਂਝੀ ਸੋਚ ਬਿਊਰੋ

ਬੀਤੇ ਦਿਨੀਂ ਮਹਿੰਦਰ ਕੰਡਾ ਨੂੰ ਲਿਵਿੰਗਸਟਨ ਸਿਟੀ ਦਾ ਪਲੈਨਿੰਗ ਕਮਿਸ਼ਨਰ ਨਿਯੁਕਤ ਕੀਤਾ ਗਿਆ। ਉਹਨਾਂ ਦੀ ਇਸ ਨਿਕੁਕਤੀ ਲਈ ਉਹਨਾਂ ਨੂੰ ਕਾਂਗਰਸਮੈਨ **John Dourte**, ਕੌਂਸਲ ਮੈਂਬਰ ਗੁਰਪਾਲ ਸਮਰਾ ਅਤੇ ਕੌਂਸਲ ਮੈਂਬਰ **Josan Roth** ਵੱਲੋਂ ਅਤੇ ਲਿਵਿੰਗਸਟਨ ਦੇ ਮੇਅਰ ਨੇ ਵਧਾਈਆਂ ਦਿੱਤੀਆਂ। ਮਹਿੰਦਰ ਕੰਡਾ ਨੇ ਬੀਤੇ ਹਫਤੇ ਹੀ ਆਪਣੇ ਅਹੁਦੇ ਦੀ ਸਹੁੰ ਚੁੱਕੀ। ਉਹਨਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਦੀ ਲਿਵਿੰਗਸਟਨ ਸਿਟੀ ਦੇ ਪਲੈਨਿੰਗ ਕਮਿਸ਼ਨਰ ਵਜੋਂ ਹੋਈ ਇਸ ਨਿਯੁਕਤੀ ਨਾਲ ਪੂਰੇ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।




## ਅਮਰੀਕੀ ਯੂਨੀਵਰਸਿਟੀ ਵਿਚ ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜ਼ਾਂ ਦਾ ਸਹਾਰਾ ਲੈਣ ਵਾਲੇ ਭਾਰਤੀ ਵਿਦਿਆਰਥੀ ਨੂੰ ਦੇਸ਼ ਨਿਕਾਲਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਇਕ ਭਾਰਤੀ ਵਿਦਿਆਰਥੀ ਆਰੀਅਨ ਅਨੰਦ ਨੂੰ ਅਮਰੀਕਾ ਦੀ ਲੀਹਾਈ ਯੁਨੀਵਰਸਿਟੀ, ਪੈਨਸਿਲਵਾਨੀਆ ਵਿੱਚ ਪੂਰੀ ਸਕਾਲਰਸ਼ਿੱਪ ਲੈਣ ਲਈ ਫਰਜ਼ੀ ਦਸਤਾਵੇਜਾਂ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਤੋਂ ਬਾਅਦ ਵਾਪਿਸ ਭਾਰਤ ਭੇਜ ਦਿੱਤਾ ਗਿਆ ਹੈ। ਅਨੰਦ ਜੋ ਯੁਨੀਵਰਸਿਟੀ ਵਿਚ ਪਹਿਲਾ ਸਾਲ ਦਾ ਵਿਦਿਆਰਥੀ ਸੀ, ਨੂੰ ਆਪਣਾ ਗੁਨਾਹ ਮੰਨ ਲੈਣ ਉਪਰੰਤ ਦੋ ਮਹੀਨੇ ਪਹਿਲਾਂ ਫੜ ਲਿਆ ਗਿਆ ਸੀ। ਅਨੰਦ ਨੇ ਯੁਨੀਵਰਸਿਟੀ ਵਿਚ ਸਕਾਲਰਸ਼ਿੱਪ ਹਾਸਲ ਕਰਨ ਲਈ ਹੋਰ ਫਰਜ਼ੀ ਦਸਤਾਵੇਜ਼ ਵਰਤਣ ਤੋਂ ਇਲਾਵਾ ਆਪਣੇ ਪਿਤਾ ਬਾਰੇ ਵੀ ਝੂਠ ਬੋਲਿਆ ਕਿ ਉਹ ਮਰ ਚੁੱਕਾ ਹੈ ਹਾਲਾਂ ਕਿ ਉਹ ਜੀਂਦਾ ਹੈ। ਅਨੰਦ ਨੂੰ ਉਸ ਵਿਰੁੱਧ ਲਾਏ ਅਪਰਾਧਕ ਦੋਸ਼ਾਂ ਤਹਿਤ 20 ਸਾਲ ਜੇਲ ਹੋ ਸਕਦੀ ਸੀ ਪਰੰਤੂ ਲੀ ਹਾਈ ਯੁਨੀਵਰਸਿਟੀ ਦੀ ਬੇਨਤੀ 'ਤੇ ਉਸ ਨੂੰ ਦੇਸ਼ ਨਿਕਾਲਾ ਦੇ ਕੇ ਭਾਰਤ ਵਾਪਿਸ ਭੇਜ ਦਿੱਤਾ ਗਿਆ। ਯੁਨੀਵਰਸਿਟੀ ਨੇ ਜਾਰੀ ਇਕ ਬਿਆਨ ਵਿਚ ਮਾਮਲੇ ਦੀ ਮੁਕੰਮਲ ਜਾਂਚ ਤੇ ਅਸਲ ਮਾਮਲਾ ਸਾਹਮਣੇ ਲਿਆਉਣ ਲਈ ਅਧਿਕਾਰੀਆਂ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਹੈ।

## ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' 12 ਜੁਲਾਈ ਨੂੰ ਹੋਵੇਗੀ ਰਲੀਜ਼



ਫਰਿਜ਼ਨੋ
ਨੀਟਾ ਮਾਛੀਕੇ,ਕੁਲਵੰਤ ਧਾਲੀਆਂ

ਹਾਸ-ਰਸ ਵਾਲੀਆਂ ਫਿਲਮਾਂ ਦੇ ਟਰਿੰਡ ਤੋਂ ਹਟਕੇ ਇੱਕ ਹੋਰ ਪੰਜਾਬੀ ਫਿਲਮ "ਉੱਚਾ ਦਰ ਬਾਬੇ ਨਾਨਕ ਦਾ" 12 ਜੁਲਾਈ ਨੂੰ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਰਲੀਜ਼ ਹੋਣ ਜਾ ਰੀ ਹੈ। ਇਸ ਫਿਲਮ ਸਬੰਧੀ ਦਰਸ਼ਕਾਂ ਵਿੱਚ ਜਾਗਰੁਕਤਾ ਪੈਦਾ ਕਰਨ ਲਈ ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਸਮਾਗਮ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਫਰਿਜ਼ਨੋ ਸ਼ਹਿਰ ਦੇ ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿੱਚ ਫਿਲਮ ਦੀ ਟੀਮ ਵੱਲੋਂ ਇੱਕ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਇਸ ਸਮਾਗਮ ਦੌਰਾਨ ਫਿਲਮ ਦੇ ਡਾਇਰੈਕਟਰ ਤਰਨਵੀਰ ਸਿੰਘ ਜਗਪਾਲ, ਐਕਟਰਿਸ ਮੋਨਿਕਾ ਗਿੱਲ, ਐਕਟਰਿਸ ਕਿੰਮੀ ਵਰਮਾ ਪਹੁੰਚੇ ਹੋਏ ਸਨ। ਸਮਾਗਮ ਦੀ ਸ਼ੁਰੂਆਤ ਹੋਸਟ ਜੋਤ ਰਣਜੀਤ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਡਾਇਰੈਕਟਰ ਤਰਨਵੀਰ ਸਿੰਘ ਜਗਪਾਲ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਪਹਿਲਾਂ ਵੀ ਸਾਡੀ ਟੀਮ ਰੱਬ ਦਾ ਰੇਡੀਓ ਅਤੇ ਦਾਣਾ ਪਾਣੀ ਵਰਗੀਆਂ ਅਨੇਕਾਂ ਸਫਲ ਫਿਲਮਾਂ ਪੰਜਾਬੀ ਸਿਨੇਮੇ ਦੀ ਝੋਲੀ ਪਾ ਚੁੱਕੀ ਹੈ। ਇਸ ਵਾਰ ਅਸੀ ਬਾਬੇ ਨਾਨਕ ਦੇ ਫਲਸਫੇ ਅਤੇ ਗੁਰਬਾਣੀ ਦੀ ਤਾਕਤ ਬਾਰੇ ਪੰਜਾਬੀ ਫਿਲਮ ਉੱਚਾ ਦਰ ਬਾਬੇ ਨਾਨਕ ਦਾ ਲੈਕੇ ਦਰਸ਼ਕਾਂ ਦੀ ਕਚਿਹਰੀ ਵਿੱਚ ਹਾਜ਼ਰ ਹੋ ਰਹੇ ਹਾਂ, ਅਤੇ ਆਸ ਕਰਦੇ ਹਾਂ ਕਿ ਪੰਜਾਬੀ ਸਿਨੇਮਾਂ ਪ੍ਰੇਮੀ ਪਿਆਰ ਬਖ਼ਸ਼ਣਗੇ। ਇਸ ਮੌਕੇ ਐਕਟਰਸ ਮੋਨਿਕਾ ਗਿੱਲ ਨੇ ਕਿਹਾ ਕਿ ਇਹ ਫਿਲਮ ਟਰਿੰਡ ਤੋਂ ਹਟਕੇ ਸਾਡੇ ਯੂਥ ਨੂੰ ਗੁਰਬਾਣੀ ਦੀ ਤਾਕਤ ਤੋਂ ਜਾਣੂ ਕਰਵਾਉਣ ਦੇ ਮਨਸੂਬੇ ਨਾਲ ਬਣਾਈ ਗਈ ਹੈ, ਅਤੇ ਆਸ ਕਰਦੇ ਹਾਂ ਕਿ ਇਹ ਫਿਲਮ ਪੰਜਾਬੀ ਸਿਨਮੇ ਲਈ ਮੀਲ ਪੱਥਰ ਸਾਬਤ ਹੋਵੇਗੀ। ਐਕਟਰਸ ਕਿੰਮੀ ਵਰਮਾ ਨੇ ਕਿਹਾ ਕਿ ਅੱਜਕੱਲ ਡਪਰੈਸ਼ਨ, ਘਰਾਂ ਦੇ ਕਲੇਸ਼, ਨਸ਼ਾ ਆਦਿ ਸਾਡੇ ਸਮਾਜ ਨੂੰ ਘੁੱਣ ਵਾਂਗ ਖਾ ਰਿਹਾ ਹੈ। ਇਹਨਾਂ ਅਲਾਮਤਾਂ ਦੇ ਹੱਲ ਲਈ ਗੁਰਬਾਣੀ ਅਤੇ ਬਾਬੇ ਨਾਨਕ ਦੇ ਫਲਸਫੇ ਤੇ ਅਧਾਰਿਤ ਇਹ ਫਿਲਮ ਹਰਇੱਕ ਨੂੰ ਜ਼ਰੂਰ ਵੇਖਣੀ ਚਾਹੀਦੀ ਹੈ, ਅਤੇ ਉਹਨਾਂ ਅਪੀਲ ਕੀਤੀ ਕਿ ਸਾਰੇ ਪੰਜਾਬੀ ਪਰਿਵਾਰਾਂ ਸਮੇਤ ਇਸ ਪਰਿਵਾਰਕ ਫ਼ਿਲਮ ਨੂੰ 12 ਜੁਲਾਈ ਨੂੰ ਜ਼ਰੂਰ ਸਿਨੇਮਾ ਘਰਾਂ ਵਿੱਚ ਵੇਖਣ ਜਾਣ। ਇਸ ਫਿਲਮ ਵਿੱਚ ਐਕਟਰ ਦੇਵ ਖਰੌੜ, ਯੋਗਰਾਜ ਸਿੰਘ, ਮੌਨਿਕਾ ਗਿੱਲ, ਕਿੰਮੀ ਵਰਮਾ, ਕਮਲਜੀਤ ਨੀਰੂ, ਈਸ਼ਾ ਰਿੱਕੀ, ਹਰਜ਼ ਨਾਗਰਾ ਆਦਿ ਮੁੱਖ ਭੂੰਮਕਾਵਾਂ ਵਿੱਚ ਨਜ਼ਰ ਆਉਣਗੇ। ਇਸ ਮੌਕੇ ਫਰਿਜ਼ਨੋ ਦੀਆਂ ਸਿਰਕੱਢ ਸਖ਼ਸ਼ੀਅਤਾ, ਜਿੰਨ੍ਹਾਂ ਵਿੱਚ ਕਿਰਸਾਨ ਚਰਨਜੀਤ ਸਿੰਘ ਬਾਠ, ਸ਼ਰੂ ਸ਼ਰਮਾ, ਜਗਦੀਪ ਸਿੰਘ (ਜੇ ਐਸ ਇੰਸ਼ੋਰੈਂਸ), ਸੁਖਬੀਰ ਸਿੰਘ ਭੰਡਾਲ, ਸ਼ਰਨਜੀਤ ਕੌਰ ਧਾਲੀਵਾਲ, ਹਰਦੇਵ ਸਿੰਘ ਸਿੱਧੂ, ਰਾਜ ਬਰਾੜ (ਸੈਂਟਰਲ ਟਰੱਕ ਡ੍ਰਾਈਵਿੰਗ ਸਕੂਲ), ਪਵਨ ਬਰਾੜ (ਸਟਾਈਲ ਐਂਡ ਸਮਾਈਲ ਸਟੂਡੀਓ), ਮਾਸਟਰ ਸੁਲੱਖਣ ਸਿੰਘ ਗਿੱਲ, ਗੁਰਮੀਤ (ਮੈਕਸ ਪ੍ਰਿੰਟਿੰਗ) ਅਤੇ ਕਾਂਗਰਸ ਲਈ ਉਮੀਦਵਾਰ ਮਾਈਕਲ ਮਹਿਰ ਆਦਿ ਮਜੂਦ ਰਹੇ।

Now Open New Banquet Hall in Sacramento
For more info: Contact Paul : (916)334-6000




SONNY
DHALIWAL
for SUPERVISOR
EXPERIENCED LEADERSHIP YOU CAN TRUST
Paid for by Sonny Dhaliwal for County Supervisor 2024 FPPC#1459023

# ਤਨ ਦੀ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਬਹੁਤ ਜ਼ਰੂਰੀ ਹੈ- ਨਿਰੰਕਾਰੀ ਰਾਜਪਿਤਾ ਰਮਿਤ ਜੀ

ਜਲੰਧਰ
ਸਾਂਝੀ ਸੋਚ ਬਿਊਰੋ

ਸੰਤ ਨਿਰੰਕਾਰੀ ਸਤਿਸੰਗ ਭਵਨ, ਜਲੰਧਰ ਵਿਖੇ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਨਿਰੰਕਾਰੀ ਰਾਜ ਪਿਤਾ ਰਮਿਤ ਚਾਂਦਨਾ ਜੀ ਦੀ ਹਜ਼ੂਰੀ ਵਿੱਚ ਬਹੁਤ ਹੀ ਸ਼ਰਧਾ ਪੂਰਵਕ ਹੋਇਆ। ਇਸ ਮੌਕੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸਮਾਗਮ ਵਿੱਚ ਪਹੁੰਚ ਕੇ ਆਨੰਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਵੱਖ ਵੱਖ ਸ਼ਰਧਾਲੂਆਂ ਨੇ ਧਾਰਮਿਕ ਸ਼ਬਦ, ਗੀਤ, ਸੰਗੀਤ, ਕਵਿਤਾਵਾਂ, ਵਿਚਾਰਾਂ ਆਦਿ ਰਾਹੀਂ ਸੱਚ ਦਾ ਸੰਦੇਸ਼ ਦਿੱਤਾ। ਇਸ ਮੌਕੇ ਨਿਰੰਕਾਰੀ ਰਾਜ ਪਿਤਾ ਰਮਿਤ ਚਾਂਦਨਾ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਫਰਮਾਇਆ ਕਿ ਬ੍ਰਹਮਗਿਆਨੀ ਗੁਰਸਿੱਖ ਹਮੇਸ਼ਾ ਪ੍ਰਮਾਤਮਾ ਨੂੰ ਜਾਣਕੇ ਪ੍ਰਭੂ ਦੇ ਭਾਣੇ ਵਿੱਚ ਰਹਿੰਦੇ ਹੋਏ ਸਤਿਗੁਰੂ ਦੀਆਂ ਸਿੱਖਿਆਵਾਂ ਨੂੰ ਅਮਲੀ ਤੌਰ ਤੇ ਮੰਨਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ। ਉਹਨਾਂ ਦੱਸਿਆ ਕਿ ਤਨ ਦੀ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਬਹੁਤ ਜਰੂਰੀ ਹੈ। ਉਹਨਾਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਕਸਰ ਆਪਣੇ ਪ੍ਰਵਚਨਾਂ ਵਿੱਚ ਫਰਮਾਉਂਦੇ ਹਨ ਕਿ ਭਗਤ ਕੁਝ ਪਲਾਂ ਦਾ ਭਗਤ ਨਹੀਂ ਹੁੰਦਾ ਬਲਕਿ ਹਰ ਵਕਤ ਦਾ ਹਰ ਸਮੇਂ ਦਾ ਭਗਤ ਹੁੰਦਾ ਹੈ। ਸੰਸਾਰ ਦੀ ਦ੍ਰਿਸ਼ਟੀ ਤੋਂ ਜਿਉਣਯੋਗ ਜੀਵਨ ਉਹੀ ਮੁਬਾਰਕ ਹੁੰਦਾ ਹੈ ਕਿ ਜਿੱਥੇ ਵੀ ਇਨਸਾਨ ਜਾਵੇ ਸੰਸਾਰ ਉਸਦੇ ਚੰਗੇ ਕਰਮਾਂ ਕਰਕੇ ਉਸਨੂੰ ਪਹਿਚਾਣੇ। ਅਸੀਂ ਦੁਨਿਆਵੀ ਉਪਲੱਬਧੀਆਂ ਦੀ ਕਿਸੇ ਪੌੜੀ ਦੇ ਜਿੰਨੇ ਵੀ ਕਦਮ ਚੜਦੇ ਜਾਂਦੇ ਹਾਂ ਅੱਗੇ ਇੱਕ ਪੌੜੀ ਹੋਰ ਉਸਦਾ ਇੰਤਜਾਰ ਕਰ ਰਹੀ ਹੁੰਦੀ ਹੈ। ਪੌੜੀ ਚੜ੍ਹਨਾ ਮੁਬਾਰਕ ਹੈ ਪਰ ਇਨਸਾਨ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਕਰਕੇ, ਮੂਲ ਨੂੰ ਜਾਣਕੇ, ਮਨ ਵਿੱਚੋਂ ਵੈਰ, ਨਫ਼ਰਤ ਦੀਆਂ ਦੀਵਾਰਾਂ ਖਤਮ ਕਰਕੇ ਗੁਰਮਤ ਦੀ ਪੌੜੀ ਚੜਨਾ ਚਾਹੀਦਾ ਹੈ। ਗੁਰਮਤ ਨਾਲ ਭਰਪੂਰ ਗੁਣਾਂ ਨਾਲ ਜਦੋਂ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ ਤਾਂ ਸੰਸਾਰ ਦੇ ਲੋਕ ਸਾਨੂੰ ਪਿਆਰ ਕਰਦੇ ਹਨ ਅਤੇ ਸਤਿਕਾਰ ਦਿੰਦੇ ਹਨ। ਸਾਡਾ ਖਾਣਾ, ਪੀਣਾ, ਉੱਠਣਾ, ਬੈਠਣਾ ਮੁਬਾਰਕ ਹੋ ਜਾਂਦਾ ਹੈ। ਇਨਸਾਨ ਦੇ ਮਨ 'ਚੋਂ ਹਉਮੈ ਖਤਮ ਹੋ ਜਾਂਦੀ ਹੈ ਅਤੇ ਉਹ ਆਪਣੀ ਜਿੰਦਗੀ ਦੀ ਅਸਲੀ ਮੰਜਿਲ ਵੱਲ ਵਧਣ ਲੱਗਦਾ ਹੈ। ਉਹਨਾਂ ਸੰਪੂਰਨ ਅਵਤਾਰ ਬਾਣੀ ਦੇ ਹਵਾਲੇ ਨਾਲ ਸਮਝਾਇਆ ਕਿ 'ਗੁਰਸਿੱਖ ਗੁਰ ਦੀ ਅੱਖ ਨਾਲ ਦੇਖੇ, ਗੁਰ ਦੇ ਕੰਨ ਨਾਲ ਸੁਣਦਾ ਹੈ। ਗੁਰਸਿੱਖ ਗਿਆਨ ਸਰੋਵਰ ਵਿਚੋਂ ਹੀਰੇ ਮੋਤੀ ਚੁਣਦਾ ਹੈ।' ਉਹਨਾਂ ਜਲੰਧਰ ਸ਼ਹਿਰ ਦੇ ਨਾਮ ਸਬੰਧੀ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਿਹਾ ਕਿ 'ਜਲੰਧਰ' ਦੇ ਨਾਮ ਵਾਂਗ ਮਨ ਦੇ ਅੰਦਰ ਜੋ ਮੈਂ ਹੈ ਉਸਨੂੰ ਜਲਾਉਣਾ ਪਵੇਗਾ, ਹਉਮੈ ਨੂੰ ਛੱਡਣਾ ਪਵੇਗਾ ਅਗਰ ਅਸੀਂ ਪ੍ਰਮਾਤਮਾ ਨੂੰ ਪਾਕੇ ਪ੍ਰਮਾਤਮਾ ਦੀ ਕਸੌਟੀ ਤੇ ਖਰਾ ਉਤਰਨਾ ਹੈ। ਗਿਆਨ ਪ੍ਰਾਪਤ ਕਰਨ ਉਪਰੰਤ ਵੀ ਅਗਰ ਅਸੀਂ ਹਉਮੈਂ ਵਿੱਚ ਰਹਿੰਦੇ ਹਾਂ ਤਾਂ ਅਸੀਂ ਹੀਰੇ ਮੋਤੀ ਇਕੱਠੇ ਕਰਨ ਦੀ ਵਜਾਏ ਕੰਕਰ ਪੱਥਰ ਇਕੱਠੇ ਕਰਦੇ ਹਾਂ ਜਿਸ ਦੀ ਕੋਈ ਕੀਮਤ ਨਹੀਂ। ਕਈ ਇਨਸਾਨ ਸਿਰਫ਼ ਮਾਇਆ ਨੂੰ ਹੀ ਸਭ ਕੁਝ ਸਮਝੀ ਬੈਠੇ ਹਨ, ਮਾਇਆ ਨਾਸ਼ਵਾਨ ਹੈ ਜਦੋਂਕਿ ਬ੍ਰਹਮਗਿਆਨ ਅਮਰ ਰਹਿਣ ਦੀ ਅਵਸਥਾ ਹੈ। ਇਸ ਲਈ ਸਿਰਫ਼ ਪ੍ਰਭੂ ਦਾ ਨਾਮ ਲੈਣਾ ਹੀ ਕਾਫ਼ੀ ਨਹੀਂ ਸਗੋਂ ਪ੍ਰਭੂ ਦੀ ਭਗਤੀ ਵੀ ਕਰਨੀ ਹੈ। ਪ੍ਰਮਾਤਮਾ ਨੂੰ ਜਾਣਕੇ, ਸਮਝ ਕੇ, ਸੇਵਾ, ਸਿਮਰਨ, ਸਤਿਸੰਗ ਕਰਦੇ ਹੋਏ ਭਗਤੀ ਕਰਨੀ ਚਾਹੀਦੀ ਹੈ। ਸਾਡੇ ਜੀਵਨ ਵਿੱਚ ਪ੍ਰਭੂ ਦਾ ਪ੍ਰੇਮ ਵੀ ਵਸਣਾ ਚਾਹੀਦਾ ਹੈ। ਮਾਨਵ ਨੂੰ ਜੀਵਨ ਮਿਲਿਆ ਹੈ ਪ੍ਰੇਮ, ਪਿਆਰ ਨਾਲ ਜਿਉਣ ਲਈ, ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਪਰ ਇਨਸਾਨ ਅਗਿਆਨਤਾ ਕਾਰਨ ਆਪਣੇ ਹੰਕਾਰ ਵਿੱਚ ਹੀ ਜੀਵਨ ਬਤੀਤ ਕਰ ਰਿਹਾ ਹੈ। ਸਤਿਗੁਰੂ ਹਮੇਸ਼ਾ ਇਨਸਾਨ ਨੂੰ ਬ੍ਰਹਮਗਿਆਨ ਦੀ ਜਾਣਕਾਰੀ ਕਰਵਾ ਕੇ ਜੀਵਨ ਜਿਉਣ ਦੀ ਜੁਗਤੀ ਸਿਖਾਉਂਦੇ ਹਨ। ਇਸ ਲਈ ਸਮੇਂ ਦੇ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਅੱਜ ਮਾਨਵ ਨੂੰ ਬ੍ਰਹਮਗਿਆਨ ਰਾਹੀਂ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਕੇ ਇਨਸਾਨ ਦਾ ਜੀਵਣ ਸਫ਼ਲ ਬਣਾ ਰਹੇ ਹਨ। ਉਹਨਾਂ ਕਿਹਾ ਕਿ ਜੀਵਨ ਦੇ ਸਾਰੇ ਪਹਿਲੂ ਹੀ ਪ੍ਰੇਮ ਨਾਲ ਭਰੇ ਜਾ ਸਕਦੇ ਹਨ। ਸੰਸਾਰ ਦੇ ਸਾਰੇ ਪਲ ਪ੍ਰਭੂ ਪ੍ਰੇਮ ਨਾਲ ਪਾਏ ਜਾ ਸਕਦੇ ਹਨ। ਅਸੀਂ ਕਾਗਜ ਦੇ ਫੁੱਲ ਨਹੀਂ ਬਣਨਾ ਸਗੋਂ ਅਸਲੀ ਫੁੱਲ ਬਣਕੇ ਜੀਵਨ ਬਤੀਤ ਕਰਨਾ ਹੈ, ਸਤਿਗੁਰੂ ਬ੍ਰਹਮਗਿਆਨ ਦੇ ਕੇ ਜੀਵਨ ਵਿੱਚ ਕੋਮਲਤਾ, ਸ਼ੀਤਲਤਾ, ਪਿਆਰ ਦੀ ਖੁਸ਼ਬੂ ਭਰ ਦਿੰਦਾ ਹੈ ਅਤੇ ਸਾਡਾ ਜੀਵਨ ਅਸਲੀ ਫੁੱਲਾਂ ਦੀ ਤਰ੍ਹਾਂ ਸਭਨੂੰ ਮਹਿਕ ਦੇਣ ਵਾਲਾ ਬਣ ਜਾਂਦਾ ਹੈ। ਸਤਿਗੁਰੂ ਮਾਨਵ ਨੂੰ ਸ਼ਾਕਾਰ ਰੂਪ ਵਿੱਚ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਕੇ ਸਭ ਦਾ ਜੀਵਨ ਮੁਕਤ ਕਰ ਦਿੰਦਾ ਹੈ। ਅਗਰ ਸਾਡੇ ਮਨ ਵਿੱਚ ਪ੍ਰਮਾਤਮਾ ਦੇ ਵਾਸ ਨੂੰ ਅਸੀਂ ਬ੍ਰਹਮਗਿਆਨ ਰਾਹੀਂ ਸਮਝ ਲਿਆ ਤਾਂ ਅਸੀਂ ਜਿਉਂਦੇ ਜੀਅ



ਮੁਕਤ ਹੋ ਸਕਦੇ ਹਾਂ ਨਹੀਂ ਤਾਂ ਫਿਰ ਬੰਧਨਾਂ ਵਿੱਚ ਹੀ ਫਸੇ ਰਹਿੰਦੇ ਹਾਂ। ਇਸ ਸੰਤ ਸਮਾਗਮ ਮੌਕੇ ਕਪੂਰਥਲਾ ਜੋਨ ਦੇ ਜੋਨਲ ਇੰਚਾਰਜ ਗੁਲਸ਼ਨ ਲਾਲ ਅਹੂਜਾ ਜੀ ਨੇ ਸਾਰੇ ਪ੍ਰਬੰਧਕਾਂ ਵੱਲੋਂ ਨਿਰੰਕਾਰੀ ਰਾਜ ਪਿਤਾ ਰਮਿਤ ਜੀ, ਸਮੂਹ ਸੰਗਤਾਂ ਅਤੇ ਵਿਸ਼ੇਸ਼ ਮਹਿਮਾਨਾ ਦਾ ਨਿੱਘਾ ਸਵਾਗਤ ਕਰਦੇ ਹੋਏ ਜੀ ਆਇਆਂ ਨੂੰ ਆਖਿਆ ਅਤੇ ਸਮੂਹ ਸੇਵਾਦਾਰਾਂ, ਜਿਲ੍ਹਾ ਪ੍ਰਸਾਸ਼ਨ ਅਤੇ ਪੁਲਿਸ ਪ੍ਰਸਾਸ਼ਨ ਦਾ ਸਮਾਗਮ ਨੂੰ ਸਫ਼ਲ ਬਣਾਉਣ ਲਈ ਭਰਪੂਰ ਸਹਿਯੋਗ ਦੇਣ ਤੇ ਧੰਨਵਾਦ ਕੀਤਾ।

## ਭਾਰਤੀ ਮੂਲ ਦੇ ਰਿਸ਼ੀ ਸ਼ਾਹ ਨੂੰ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ੍ਹ, ਘਰ ਹੋਵੇਗਾ ਜ਼ਬਤ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਭਾਰਤੀ ਮੂਲ ਦੇ ਆਊਟਕਮ ਹੈਲਥ ਸੀ ਈ ਓ ਰਿਸ਼ੀ ਸ਼ਾਹ ਨੂੰ ਇਕ ਅਰਬਾਂ ਡਾਲਰ ਦੀ ਫਰਜ਼ੀ ਸਕੀਮ ਚਲਾਉਣ ਦੇ ਦੋਸ਼ਾਂ ਤਹਿਤ ਸਾਢੇ 7 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਯੂ ਐਸ ਡਿਸਟ੍ਰਿਕਟ ਜੱਜ ਥਾਮਸ ਡਰਕਿਨ ਨੇ ਸ਼ਾਹ ਦੇ ਨਾਲ ਸਹਿ ਦੋਸ਼ੀ ਪ੍ਰਧਾਨ ਸ਼ਾਰਧਾ ਅਗਰਵਾਲ ਤੇ ਸਾਬਕਾ ਚੀਫ ਆਪਰੇਟਿੰਗ ਅਫਸਰ ਬਰੈਡ ਪੂਰਡੀ ਵਿਰੁੱਧ ਸੁਣਵਾਈ ਉਪਰੰਤ ਸ਼ਾਹ ਨੂੰ ਸਜ਼ਾ ਸੁਣਾਉਣ ਦਾ ਐਲਾਨ ਕੀਤਾ। ਸ਼ਿਕਾਗੋ ਦੇ ਉੱਤਰ ਵਿੱਚ ਸਥਿੱਤ ਸ਼ਾਹ ਦਾ 80 ਲੱਖ ਡਾਲਰ ਦੀ ਕੀਮਤ ਦਾ ਘਰ ਵੀ ਜ਼ਬਤ ਕੀਤਾ ਜਾਵੇਗਾ। ਅਗਰਵਾਲ ਨੂੰ ਸਜ਼ਾ ਬਾਅਦ ਵਿਚ ਸੁਣਾਈ ਜਾਵੇਗੀ। ਇਸ ਮਾਮਲੇ ਵਿਚ ਆਊਟਕਮ ਦੇ 3 ਸਾਬਕਾ ਮੁਲਾਜ਼ਮ ਪਹਿਲਾਂ ਹੀ ਆਪਣਾ ਗੁਨਾਹ ਮੰਨ ਚੁੱਕੇ ਹਨ ਜਿਨਾਂ ਵਿਚ ਅਸ਼ੀਕ ਡਿਸਾਈ, ਕੈਥਰਾਇਨ ਚੋਈ ਤੇ ਓਲੀਵਰ ਹੈਨ ਸ਼ਾਮਿਲ ਹਨ।



**Matrimonial**

Looking for a bride for American Citizen Ramagarhia Sikh Boy divorced from short marriage, No Kids. Born in 1984, height 5'10". Looking for American citizen or Green Card Holder girl.

Contact- +1(510) 200-1772

ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ ਜਨਮ 1984, 5'10" ਤਲਾਕਸ਼ੁਦਾ ਕੋਈ ਬੱਚਾ ਨਹੀਂ, ਲਈ ਅਮਰੀਕਾ ਵਿੱਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।

ਸੰਪਰਕ- +1(510) 200-1772

## ਪੰਜਾਬ ਦੇ ਸਿਹਤ ਮੰਤਰੀ ਨੇ ਇੱਕੋ-ਜਿਹੇ ਸਾਲਟ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਵਿੱਚ ਬਰਾਬਰਤਾ ਲਿਆਉਣ ਦੀ ਕੀਤੀ ਹਮਾਇਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਦੇਸ਼ ਦੇ ਲੱਖਾਂ ਲੋਕਾਂ ਲਈ ਸਸਤੀਆਂ ਤੇ ਮਿਆਰੀ ਦਵਾਈਆਂ ਮੁਹੱਈਆ ਕਰਾਉਣ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਸੋਮਵਾਰ ਨੂੰ ਵੱਖ-ਵੱਖ ਬ੍ਰਾਂਡਾਂ ਹੇਠ ਉਪਲਬਧ ਦਵਾਈਆਂ, ਜਿਨ੍ਹਾਂ ਦੇ ਸਾਲਟ ਇੱਕੋ ਜਿਹੇ ਹਨ, ਦੀਆਂ ਕੀਮਤਾਂ ਵਿੱਚ ਅਸਮਾਨਤਾਵਾਂ ਦਾ ਮੁੱਦਾ ਉਠਾਇਆ। ਸਿਹਤ ਮੰਤਰੀ, ਇੱਥੇ ਹੋਟਲ ਪਾਰਕ ਵਿਊ ਵਿਖੇ ਕੇਂਦਰੀ ਡਰੱਗ ਸਟੈਂਡਰਡਜ਼ ਕੰਟਰੋਲ ਆਰਗੇਨਾਈਜ਼ੇਸ਼ਨ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਭਾਰਤ ਸਰਕਾਰ ਅਤੇ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ, ਪੰਜਾਬ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ' ਉੱਤਰੀ ਰਾਜਾਂ ਦੇ ਡਰੱਗ ਰੈਗੂਲੇਟਰਾਂ ਦੀ ਸਮਰੱਥਾ ਨਿਰਮਾਣ' ਵਿਸ਼ੇ 'ਤੇ ਅਧਾਰਤ ਤਿੰਨ ਦਿਨਾਂ ਚੌਥੇ ਖੇਤਰੀ ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਜੁਆਇੰਟ ਡਰੱਗਜ਼ ਕੰਟਰੋਲਰ (ਭਾਰਤ) ਡਾ: ਐਸ. ਈਸਵਰਾ ਰੈਡੀ, ਸਕੱਤਰ ਸਿਹਤ-ਕਮ-ਕਮਿਸ਼ਨਰ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ ਪੰਜਾਬ ਡਾ: ਅਭਿਨਵ ਤ੍ਰਿਖਾ ਅਤੇ ਸੰਯੁਕਤ ਕਮਿਸ਼ਨਰ (ਡਰੱਗਜ਼) ਪੰਜਾਬ ਸੰਜੀਵ ਕੁਮਾਰ ਵੀ ਹਾਜ਼ਰ ਸਨ। ਡਾ.ਬਲਬੀਰ ਸਿੰਘ ਨੇ ਸਾਰੀਆਂ ਦਵਾਈਆਂ ਦੀਆਂ ਕੀਮਤਾਂ ਵਿੱਚ ਬਰਾਬਰਤਾ ਲਿਆਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਨ੍ਹਾਂ ਮੁੱਦਿਆਂ ਵੱਲ ਕੇਂਦਰ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ, "ਮੈਂ ਪਹਿਲਾਂ ਹੀ ਇਹ ਮੁੱਦਾ ਕੇਂਦਰੀ ਸਿਹਤ ਮੰਤਰੀ ਕੋਲ ਉਠਾ



ਚੁੱਕਿਆ ਹਾਂ,"। ਸਿਹਤ ਮੰਤਰੀ ਨੇ ਬਜ਼ਾਰ ਵਿੱਚ ਉਪਲਬਧ ਦਵਾਈਆਂ ਦੀ ਗੁਣਵੱਤਾ ਬਾਰੇ ਵੀ ਚਿੰਤਾ ਜ਼ਾਹਰ ਕੀਤੀ ਅਤੇ ਸੰਯੁਕਤ ਡਰੱਗ ਕੰਟਰੋਲਰ (ਭਾਰਤ) ਨੂੰ ਇਸ ਮੁੱਦੇ ਨਾਲ ਨਜਿੱਠਣ ਲਈ ਕੋਈ ਠੋਸ ਨੀਤੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਫਾਰਮਾਸਿਊਟੀਕਲ ਉਦਯੋਗ ਨੇ ਵਿਸ਼ਵ ਭਰ ਵਿੱਚ ਉੱਚ ਗੁਣਵੱਤਾ, ਕਿਫਾਇਤੀ ਅਤੇ ਆਸਾਨੀ ਨਾਲ ਪ੍ਰਾਪਤ ਹੋਣ ਵਾਲੀਆਂ ਦਵਾਈਆਂ ਨੂੰ ਯਕੀਨੀ ਬਣਾ ਕੇ ਵਿਸ਼ਵ ਸਿਹਤ ਸੰਭਾਲ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਹਨਾਂ ਅੱਗੇ ਕਿਹਾ ਕਿ ਭਾਰਤ ਨੂੰ ਗੁਣਵੱਤਾ ਵਾਲੇ ਜੈਨਰਿਕ ਕਿਫਾਇਤੀ ਮੈਡੀਕਲ ਉਤਪਾਦਾਂ ਲਈ ਵਿਸ਼ਵ ਫਾਰਮੇਸੀ ਵਜੋਂ ਜਾਣਿਆ ਜਾਂਦਾ ਹੈ। ਡਾ ਬਲਬੀਰ ਸਿੰਘ ਨੇ ਕਿਹਾ, "ਭਾਰਤ ਜੈਨਰਿਕ ਦਵਾਈਆਂ ਦੇ ਲਿਹਾਜ਼ ਨਾਲ ਤੀਜਾ ਸਭ ਤੋਂ ਵੱਡਾ ਉਤਪਾਦਕ ਹੈ ਅਤੇ ਮੁੱਲ ਦੇ ਲਿਹਾਜ਼ ਨਾਲ 10ਵੇਂ ਨੰਬਰ 'ਤੇ ਹੈ। ਦੁਨੀਆ ਵਿੱਚ ਮਰੀਜ਼ਾਂ ਵੱਲੋਂ ਵਰਤੀ ਜਾਂਦੀ ਦਵਾਈ ਦੀ ਲਗਭਗ ਹਰ 5ਵੀਂ ਗੋਲੀ ਭਾਰਤ ਵਿੱਚ ਬਣਾਈ ਜਾਂਦੀ ਹੈ। ਕਮਿਸ਼ਨਰ ਐਫ.ਡੀ.ਏ, ਪੰਜਾਬ, ਡਾ. ਅਭਿਨਵ ਤ੍ਰਿਖਾ ਨੇ ਡਰੱਗਜ਼ ਐਂਡ ਕਾਸਮੈਟਿਕਸ ਐਕਟ/ਨਿਯਮਾਂ ਦੀਆਂ ਵਿਵਸਥਾਵਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਆਨਲਾਈਨ ਲਾਇਸੈਂਸ, ਦਵਾਈਆਂ ਦੀ ਗੁਣਵੱਤਾ ਅਤੇ ਰੈਗੂਲੇਟਰੀ ਇਨਫੋਰਸਮੈਂਟ ਸਮੇਤ ਭਾਰਤ ਸਰਕਾਰ ਨਾਲ ਰਾਜਾਂ ਦੇ ਵੱਖ-ਵੱਖ ਸਾਂਝੇ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਨਫੋਰਸਮੈਂਟ ਅਫਸਰਾਂ ਦੇ ਹੁਨਰ ਅਤੇ ਸ਼ਖਸੀਅਤੀ ਵਿਕਾਸ ਲਈ ਅਜਿਹੇ ਸਿਖਲਾਈ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਅਤੇ ਸੀ.ਡੀ.ਐੱਸ.ਸੀ.ਓ. ਨੂੰ ਨਿਯਮਿਤ ਤੌਰ 'ਤੇ ਅਜਿਹੇ ਸਮਾਗਮਾਂ ਦਾ ਪ੍ਰਬੰਧ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਡਰੱਗਜ਼ ਰੈਗੂਲੇਟਰਾਂ ਦੀ ਸਮਰੱਥਾ ਵਧਾਉਣ ਲਈ ਪੰਜਾਬ, ਜੰਮੂ-ਕਸ਼ਮੀਰ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ 75 ਡਰੱਗ ਕੰਟਰੋਲ ਅਫਸਰਾਂ ਲਈ ਇਹ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਸਿਖਲਾਈ ਦੌਰਾਨ ਵੱਖ-ਵੱਖ ਬੁਲਾਰੇ ਜਿਨ੍ਹਾਂ ਵਿੱਚ ਡਾ. ਐਸ.ਈ. ਰੈਡੀ, ਹਰੁਸ਼ੀਕੇਸ਼ ਮਹਾਪਾਤਰਾ, ਸੌਰਵ ਘੋਸ਼, ਡੀ.ਜੀ.ਐਮ ਸਾਈਟ ਕੁਆਲਿਟੀ ਅਸ਼ੋਰੈਂਸ, ਸਨ ਫਾਰਮਾ ਰਿਸ਼ੀ ਕੰਸਾਰਾ, ਅਤੇ ਐਨਪੀਪੀਏ ਦੇ ਹੋਰ ਅਧਿਕਾਰੀ ਸਿਖਲਾਈ ਸੈਸ਼ਨ ਆਯੋਜਿਤ ਕਰਨਗੇ।


Punjabi Cultural Society Of Tracy Presents
ਤੀਆਂ ਦਾ ਮੇਲਾ
LADIES ONLY
4 ਅਗਸਤ, 2024, ਦਿਨ ਐਤਵਾਰ
IPFES
PORTUGUESE HALL
400 W 9th St, Tracy, CA 95376
11:00AM - 7:00PM
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ |
Hosted By : ASHA SHARMA
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ -ਵੱਖਰੇ ਖਾਣ ਪੀਣ ਦੇ ਸਟਾਲ, ਬੱਚਿਆਂ ਲਈ ਖੇਡਾਂ ਦਾ ਖ਼ਾਸ ਪ੍ਰਬੰਧ !
OUR PROUD SPONSORS
TRACY LIQUOR
NEW INDIAN SUPERMARKET
doaba
MOUNTAIN MIKE'S
LATHROP LIQUOR
PAAM
SUNSET LIQUORS
SANSAR
dhaba Indian Cuisine
CASTLE WINTON PHARMACY
NorCal Liquors
NEW INDIAN
CLEANERS
TwoGuys
TANDOORI PIZZA
Dentistry
IMPERIAL SPICE
KRUSS TRUCKING
SUNRISE TRUCKING
ADVANCED Trucking
TRY-US TRANSPORTATION INC.
Sandhu Brothers
Sohi Realty LLC
LTA Bros Inc
Continental C Express Inc
Kamal Transport
ARCO ampm
SUBWAY
ਇਸ ਵਾਰ ਪਹਿਲਾਂ ਹੀ ਸਾਰੇ Vendors Book ਹਨ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar :(209) 640-9521 | Rani Kahlon :(209) 683-6926

# ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚੱਲ ਰਹੇ ਪ੍ਰੋਜੈਕਟ ਜਲਦੀ ਹੋਣਗੇ ਪੂਰੇ: ਡਾ. ਬਲਜੀਤ ਕੌਰ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੀ ਭਲਾਈ ਲਈ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਅਧੀਨ ਬਕਾਇਆ ਰਾਸ਼ੀ ਨੂੰ ਚਾਲੂ ਵਿੱਤੀ ਸਾਲ 2024-25 ਦੌਰਾਨ ਖਰਚ ਕਰਨ ਦੀ ਸੂਬਾ ਸਰਕਾਰ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਪ੍ਰੈਸ ਵਾਰਤਾ ਦੌਰਾਨ ਕੀਤਾ।

ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਕੇਂਦਰੀ ਪ੍ਰਯੋਜਿਤ ਸਕੀਮ ਪ੍ਰਧਾਨ ਮੰਤਰੀ ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਦੇ ਗ੍ਰਾਂਟ ਇਨ ਏਡ ਕੰਪੋਨੈਂਟ ਤਹਿਤ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਦੇ ਸਾਲ 2022-23 ਦਾ ਐਕਸ਼ਨ ਪਲਾਨ ਪ੍ਰਵਾਨ ਕੀਤਾ ਗਿਆ ਸੀ ਅਤੇ ਇਹਨਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਸਾਲ 2023-24 'ਚ 17.24 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ ਸੀ। ਜਿਸ ਨਾਲ ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਪ੍ਰੋਜੈਕਟਾਂ ਨੂੰ ਮੁਕੰਮਲ ਕੀਤਾ ਜਾ ਸਕੇ।

ਉਨ੍ਹਾਂ ਵਿਆਖਿਆ ਕੀਤੀ ਕਿ ਮਨਜ਼ੂਰ ਹੋਏ 17.24 ਕਰੋੜ ਰੁਪਏ ਨੂੰ ਖਰਚ ਕਰਨ ਲਈ ਸੀਮਾ ਨਿਰਧਾਰਤ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਬਠਿੰਡਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.69 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ 0.84 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.85 ਕਰੋੜ ਨੂੰ ਇਸ ਸਾਲ 2024-25 ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 0.61 ਕਰੋੜ ਵਿਚੋਂ ਪਿਛਲੇ ਵਿੱਤੀ ਸਾਲ ਦੌਰਾਨ



0.16 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.45 ਕਰੋੜ ਨੂੰ ਚਾਲੂ ਵਿੱਤੀ ਸਾਲ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.29 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ।

ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ 0.20 ਕਰੋੜ ਰੁਪਏ ਖਰਚਾ ਕੀਤੇ ਗਏ ਅਤੇ ਬਕਾਇਆ ਰਾਸ਼ੀ 1.09 ਕਰੋੜ ਨੂੰ ਇਸ ਸਾਲ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸੇ ਤਰਜ਼ ਤੇ ਲੁਧਿਆਣਾ ਜ਼ਿਲ੍ਹੇ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 2.30 ਕਰੋੜ ਰੁਪਏ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ ਕੇਵਲ 0.66 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 1.64 ਕਰੋੜ ਨੂੰ ਸਾਲ 2024-25 ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਮੋਗਾ ਜ਼ਿਲ੍ਹਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.32 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ ਕੇਵਲ 0.34 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.98 ਕਰੋੜ ਨੂੰ ਇਸ ਵਿੱਤੀ ਵਰ੍ਹੇ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਰਾਜ ਪੱਧਰੀ ਪ੍ਰੋਜੈਕਟਾਂ ਲਈ 8.28 ਕਰੋੜ ਰੁਪਏ ਵਿੱਚੋਂ 5.59 ਕਰੋੜ ਦਾ ਖਰਚਾ ਹੋਇਆ ਅਤੇ 2.69 ਬਕਾਇਆ ਰਾਸ਼ੀ ਨੂੰ ਖਰਚ ਕਰਨ ਦੀ ਪ੍ਰਵਾਨਗੀ ਚਾਲੂ ਵਿੱਤੀ ਸਾਲ ਦੌਰਾਨ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਪ੍ਰੋਜੈਕਟਾਂ ਦੀ ਪ੍ਰਗਤੀ ਅਤੇ ਲਾਭਪਾਤਰੀਆਂ ਦਾ ਵੇਰਵਾ ਵੈਬ ਪੋਰਟਲ pmajay.dosje.gov.in 'ਤੇ ਜਿਲਾ ਪੱਧਰੀ ਲਾਗੂਕਰਤਾ ਏਜੰਸੀ ਵੱਲੋਂ ਅੱਪਲੋਡ ਕੀਤਾ ਜਾਵੇਗਾ।

ਮੰਤਰੀ ਨੇ ਦੱਸਿਆ ਕਿ ਰਾਜ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਖਰਚੇ ਦੀ ਨਿਰਧਾਰਤ ਸੀਮਾ ਸਬੰਧੀ ਲੋੜੀਂਦਾ ਪੱਤਰ ਪੰਜਾਬ ਸਰਕਾਰ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਬੰਧਤਾਂ ਨੂੰ ਪ੍ਰੋਜੈਕਟ ਨਿਰਧਾਰਤ ਸਮੇਂ ਵਿੱਚ ਪੂਰਾ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹਨਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੌਰਾਨ ਕਿਸੇ ਤਰ੍ਹਾਂ ਦੀ ਵੀ ਬੇਨਿਯਮੀ ਪਾਈ ਗਈ ਤਾਂ ਉਹਨਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

## ਸ਼੍ਰੋਮਣੀ ਅਕਾਲੀ ਦਲ ਪੰਜਾਬ,ਪੰਥ ਅਤੇ ਸਿੱਖ ਕੌਮ ਦੇ ਮਸਲੇ ਹੱਲ ਕਰਨ ਲਈ ਵਚਨਬੱਧ- ਸਤਨਾਮ ਸਿੰਘ ਚੋਹਲਾ



**ਤਰਨ ਤਾਰਨ ਰਕੇਸ਼ ਨਈਅਰ**

ਸ਼੍ਰੋਮਣੀ ਅਕਾਲੀ ਦਲ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਅਕਾਲੀ ਆਗੂ ਸ.ਸਤਨਾਮ ਸਿੰਘ ਚੋਹਲਾ ਸਾਬਕਾ ਮੈਂਬਰ ਬਲਾਕ ਸੰਮਤੀ ਵਲੋਂ ਆਪਣੇ ਗ੍ਰਹਿ ਚੋਹਲਾ ਸਾਹਿਬ ਵਿਖੇ ਅਕਾਲੀ ਦਲ ਦੇ ਸਰਗਰਮ ਆਗੂਆਂ ਤੇ ਵਰਕਰਾਂ ਦੀ ਅਹਿਮ ਮੀਟਿੰਗ ਦੌਰਾਨ ਪੰਜਾਬ ਦੇ ਭੱਖਦੇ ਮੁੱਦਿਆਂ 'ਤੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਚੋਹਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ,ਸਿੱਖ ਕੌਮ,ਪੰਥ ਤੇ ਪੰਜਾਬ ਦੇ ਸਾਰੇ ਮੁੱਦਿਆ ਦਾ ਹੱਲ ਕਰਨ ਲਈ ਵਚਨਬੱਧ ਹੈ।ਇਸ ਮੌਕੇ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਵੀ ਨਿੰਦਿਆ ਕਰਦੇ ਹੋਏ ਕਿਹਾ ਕਿ ਇਸ ਸਰਕਾਰ ਨੂੰ ਬਣੇ ਕਰੀਬ ਢਾਈ ਸਾਲ ਦਾ ਸਮਾਂ ਹੋ ਗਿਆ ਪਰ ਲੋਕਾਂ ਦੇ ਮਸਲੇ ਸੁਲਝਾਉਣ ਚ ਇਹ ਸਰਕਾਰ ਅਜੇ ਤੱਕ ਨਾਕਾਮ ਰਹੀ ਹੈ,ਜਿਸ ਦੇ ਦਾਅਵੇ ਤੇ ਵਾਅਦੇ ਚੋਣਾਂ ਵੇਲੇ ਵੱਡੇ-ਵੱਡੇ ਸਨ।

ਸਤਨਾਮ ਸਿੰਘ ਚੋਹਲਾ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅਮੀਰ ਵਰਗ ਨੂੰ ਹੋਰ ਉੱਚਾ ਚੁੱਕਣ ਲਈ ਇਨ੍ਹਾਂ ਕੋਈ ਕਸਰ ਨਹੀ ਛੱਡੀ,ਜਿਸ ਕਾਰਨ ਦੇਸ਼ ਦੀ ਸਤਾ ਦੀ ਚਾਬੀ ਕੇਵਲ 10-15 ਪਰਿਵਾਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ।ਸ.ਚੋਹਲਾ ਨੇ ਸਪੱਸ਼ਟ ਕੀਤਾ ਕਿ ਘੋਰ ਗਰੀਬੀ,ਅਨਪੜਤਾ,ਬੇਰੁਜਗਾਰੀ ਨੇ ਆਮ ਵਰਗ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਅਰਾਮ ਉਨਾ ਦੇ ਵੱਸ 'ਚ ਨਹੀ ਹੈ,ਘੋਰ ਵਿਤਕਰੇ,ਲਾਚਾਰੀ ਹੀ ਉਨ੍ਹਾਂ ਦੇ ਪੱਲੇ ਪਈ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਗੁਰੂਆਂ,ਪੀਰਾਂ,ਪਗੰਬਰਾਂ,ਸ਼ਹੀਦਾਂ ਦੀ ਪਾਵਨ ਧਰਤੀ ਪੰਜਾਬ 'ਤੇ ਹਰ ਗਰੀਬ ਨਾਲ ਸਿਰੇ ਦਾ ਧੱਕਾ ਹੋ ਰਿਹਾ ਹੈ।ਸ.ਸਤਨਾਮ ਸਿੰਘ ਚੋਹਲਾ ਨੇ ਦੋਸ਼ ਲਾਇਆ ਕਿ ਇਸ ਦੇ ਸਿੱਧੇ ਦੋਸ਼ੀ ਹਾਕਮ ਧਿਰਾਂ ਵੀ ਹਨ,ਜੋ ਚੋਣਾਂ ਵੇਲੇ ਵਾਅਦੇ ਤਾਂ ਵੱਡੇ-ਵੱਡੇ ਕਰਦੇ ਹਨ,ਪਰ ਸਤਾ ਪ੍ਰਾਪਤੀ ਬਾਅਦ ਉਨਾ ਨੂੰ ਵਸਾਰ ਦਿੱਤਾ ਜਾਂਦਾ ਹੈ । ਉਨਾ ਦਾਅਵੇ ਨਾਲ ਕਿਹਾ ਕਿ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਸਿਧਾਂਤਕ ਮੁੱਦੇ 'ਤੇ ਚੋਣ ਲੜੇਗੀ ਤੇ ਵੱਡੀ ਪੱਧਰ 'ਤੇ ਜਿੱਤ ਦਰਜ ਕਰੇਗੀ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਗਰੀਬ ਵਰਗ ਲਈ ਖਾਸ ਨੀਤੀਆਂ ਘੜੀਆਂ ਜਾਣਗੀਆਂ।

ਸਤਨਾਮ ਸਿੰਘ ਚੋਹਲਾ ਨੇ ਕਿਹਾ ਕਿ ਰੋਟੀ,ਭੋਜਨ ਮਨੁੱਖ ਦੀ ਸਭ ਤੋਂ ਪਹਿਲੀ ਲੋੜ ਹੈ ਪਰ ਅੱਜ ਦੇਸ਼ ਤੇ ਪੰਜਾਬ ਦੇ ਹਲਾਤ ਕਿਸੇ ਕੋਲੋਂ ਲੁਕੇ ਨਹੀਂ ਹਨ।ਭਾਜਪਾ ਦੇ ਰਾਜ ਵਿੱਚ ਮਹਿੰਗਾਈ ਨੇ ਅੰਬਰਾਂ ਨੂੰ ਛੂ ਲਿਆ ਹੈ।ਆਮ ਵਰਗ ਦੇ ਬੁਰੇ ਹਾਲਤ ਹਨ।ਇਸ ਬਾਰੇ ਸ.ਸਤਨਾਮ ਸਿੰਘ ਚੋਹਲਾ ਸਾਹਿਬ ਨੇ ਲੋਕਾਂ ਨੂੰ ਕਿਹਾ ਕਿ ਆਉਣ ਵਾਲੇ ਦਿਨਾਂ ਚ ਹੋਰ ਮੀਟਿੰਗਾਂ ਕਰਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਾਅਦਿਆਂ ਬਾਰੇ ਹੋਰ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਸੀਨੀਅਰ ਅਕਾਲੀ ਆਗੂ ਸੁਖਜਿੰਦਰ ਸਿੰਘ ਬਿੱਟੂ ਸਾਬਕਾ ਸਰਪੰਚ ਪੱਖੋਪੁਰ,ਕਿਸਾਨ ਆਗੂ ਗੁਰਦੇਵ ਸਿੰਘ,ਹਰਜਿੰਦਰ ਸਿੰਘ ਜਿੰਦਾ ਆੜ੍ਹਤੀ, ਦਲਬੀਰ ਸਿੰਘ ਸਾਬਕਾ ਸਰਪੰਚ ਅਵਤਾਰ ਸਿੰਘ ਰੇਮੰਡ ਵਾਲੇ,ਮਨਜਿੰਦਰ ਸਿੰਘ ਲਾਟੀ,ਦਿਲਬਰ ਸਿੰਘ ਸੰਧੂ,ਡਾ.ਜਤਿੰਦਰ ਸਿੰਘ ਮੈਡੀਕਲ ਸਟੋਰ ਵਾਲੇ, ਸੂਬੇਦਾਰ ਹਰਬੰਸ ਸਿੰਘ,ਬਲਬੀਰ ਸਿੰਘ ਬੱਲੀ,ਜਗਰੂਪ ਸਿੰਘ ਪ੍ਰਧਾਨ ਪੱਖੋਪੁਰ,ਸਾਧਾ ਸਿੰਘ ਪ੍ਰਧਾਨ,ਸਿਮਰਜੀਤ ਸਿੰਘ ਕਾਕੂ,ਗੁਰਦਿਆਲ ਸਿੰਘ ਆਦਿ ਹਾਜ਼ਰ ਸਨ।




SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com



# EXIT REALTY CONSULTANTS

150 W.Yosemite Ave.,Manteca ,CA ,95336



ਵਪਾਰਕ, ਰਿਹਾਇਸ਼ੀ, ਉਦਯੋਗਿਕ, ਖੇਤੀਬਾੜੀਜ਼ਮੀਨਾਂ
(ਘਰ , ਖਾਲੀ ਜ਼ਮੀਨ ,ਫਾਰਮ ,ਸਟੇਸ਼ਨ )
ਵਾਜਬ ਰੇਟਾਂ ਤੇ ਵੇਚਣ ਜਾਂ ਖਰੀਦਣ ਲਈ
ਇਮਾਨਦਾਰ ਅਤੇ ਭਰੋਸੇਮੰਦ ਸੇਵਾਵਾਂ ਲਈ ਮਿਲੋ

## Raman Bassi

Realtor DRE # 02162139



ਵਧੇਰੇ ਜਾਣਕਾਰੀ ਲਈ ਕਾਲ ਕਰੋ

Cell : 510-432-8122
Office : 209-823-1234

www.RamanBassi.EXITHOME.COM
RBassi@EXITHOME.com


ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ
HOPE
IMMIGRATION
Where Hope Meets
IMMIGRATION OPPORTUNITIES
USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS
INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES
WE CAN HELP YOU WORK AND SETTLE IN COUNTRIES WORLDWIDE ALSO
ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ
ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630
WEBSITE : www.hopeimmigration.net | Email : help@hopeimmigration.net
ਅਸੀਂ California State ਦੇ Bonded Immigration Consultant ਹਾਂ
ADDRESS : 2953 W CAPITOL AVE WEST SACRAMENTO, CA 95691
ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

# ਸਿਹਤ ਬਲਾਕ ਖਿਆਲਾ ਕਲਾਂ ਵੱਲੋਂ ਦਸਤ ਰੋਕੂ ਮੁਹਿੰਮ ਦੀ ਸ਼ੁਰੂਆਤ

ਮਾਨਸਾ
ਸਾਂਝੀ ਸੋਚ ਬਿਊਰੋ



ਸਿਹਤ ਬਲਾਕ ਖਿਆਲਾ ਕਲਾਂ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੇ ਆਦੇਸ਼ਾਂ ਅਤੇ ਸਿਵਲ ਸਰਜਨ ਡਾ ਹਰਦੇਵ ਸਿੰਘ ਦੀ ਅਗਵਾਈ ਹੇਠ ਦਸਤ ਰੋਕੂ ਮੁਹਿੰਮ ਦੀ ਸ਼ੁਰੂਆਤ ਸਮੁਦਾਇਕ ਸਿਹਤ ਕੇਂਦਰ ਖਿਆਲਾ ਕਲਾਂ ਵਿਖੇ ਕੀਤੀ ਗਈ।

ਸੀਨੀਅਰ ਮੈਡੀਕਲ ਅਫ਼ਸਰ ਡਾ. ਇੰਦੂ ਬਾਂਸਲ ਨੇ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੁਹਿੰਮ ਸਿਹਤ ਟੀਮਾਂ ਵੱਲੋਂ ਇਸਤਰੀ ਤੇ ਬਾਲ ਵਿਕਾਸ ਵਿਭਾਗ, ਸਿੱਖਿਆ ਵਿਭਾਗ ਅਤੇ ਜਲ ਸਰੋਤ ਵਿਭਾਗ ਦੇ ਸਹਿਯੋਗ ਨਾਲ ਚਲਾਈ ਜਾਵੇਗੀ। ਇਹ ਮੁਹਿੰਮ 'ਦਸਤਾਂ ਦੀ ਰੋਕਥਾਮ, ਸਫਾਈ ਅਤੇ ਓ.ਆਰ.ਐਸ. ਨਾਲ ਰੱਖੋ ਆਪਣਾ ਖਿਆਲ' ਸਲੋਗਨ ਤਹਿਤ ਚਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਭਵਿੱਖ ਤਾਂ ਹੀ ਉੱਜਲਾ ਹੋਵੇਗਾ ਜੇਕਰ ਬੱਚੇ ਤੰਦਰੁਸਤ ਹੋਣਗੇ। ਉਨ੍ਹਾਂ ਦੱਸਿਆ ਕਿ 01 ਜੁਲਾਈ ਤੋਂ 31 ਅਗਸਤ ਤੱਕ ਦਸਤ ਲੱਗਣ ਦਾ ਖ਼ਤਰਾ ਜਿਆਦਾ ਹੁੰਦਾ ਹੈ, ਇਸ ਦੌਰਾਨ ਤੀਬਰ ਦਸਤ ਰੋਕੂ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਮੈਡੀਕਲ ਅਫ਼ਸਰ, ਡਾ. ਨੇਹਾ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ ਅਤੇ ਦਸਤ ਰੋਗ ਨਾਲ ਹੋਣ ਵਾਲੀਆਂ ਮੌਤਾ ਦੀ ਗਿਣਤੀ ਨੂੰ ਜ਼ੀਰੋ 'ਤੇ ਲਿਆਉਣਾ ਹੈ। ਸੰਸਾਰ ਵਿਚ ਹਰ ਸਾਲ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀਆਂ ਦੋ ਲੱਖ ਮੌਤਾਂ ਕੇਵਲ ਦਸਤ ਰੋਗ ਕਾਰਨ ਹੀ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਇਕ ਲੱਖ ਮੌਤਾਂ ਕੇਵਲ ਭਾਰਤ ਵਿੱਚ ਹੀ ਹੁੰਦੀਆਂ ਹਨ। ਬਲਾਕ ਐਜੂਕੇਟਰ ਕੇਵਲ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਬਲਾਕ ਖਿਆਲਾ ਕਲਾਂ ਅਧੀਨ ਏਰੀਏ ਵਿੱਚ 05 ਸਾਲ ਤੋਂ ਘੱਟ ਉਮਰ ਦੇ 18245 ਬੱਚਿਆਂ ਨੂੰ ਓ.ਆਰ.ਐਸ ਪੈਕਟ ਆਸ਼ਾ ਅਤੇ ਆਂਗਨਵਾੜੀ ਵਰਕਰਾਂ ਵਲੋਂ ਮੁਫ਼ਤ ਵੰਡੇ ਜਾਣਗੇ ਅਤੇ ਦਸਤ ਹੋਣ ਦੀ ਹਾਲਤ ਵਿਚ ਪੂਰਨ ਇਲਾਜ਼ ਲਈ ਜਿੰਕ ਦੀਆਂ ਗੋਲੀਆਂ ਦਿੱਤੀਆਂ ਜਾਣਗੀਆਂ। ਕਮਿਊਨਿਟੀ ਸਿਹਤ ਅਫ਼ਸਰ ਦਿਲਰਾਜ ਕੌਰ ਅਤੇ ਦੁਰਗਾ ਰਾਮ ਨੇ ਦੱਸਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਦਸਤ ਰੋਕੂ ਮੁਹਿੰਮ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ਿੰਕ ਕਾਰਨਰ ਅਤੇ ਸਕੂਲਾਂ ਵਿਚ ਹੱਥ ਧੋਣ ਦੇ ਤਰੀਕਿਆਂ ਸਮੇਤ ਸਿਹਤਮੰਦ ਆਦਤਾਂ ਅਪਨਾਉਣ ਲਈ ਸੰਚਾਰ ਦੇ ਵੱਖ ਵੱਖ ਸਾਧਨਾਂ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ 'ਦਸਤ ਰੋਕੂ ਮੁਹਿੰਮ' ਦੀ ਮਹੱਤਤਾ ਸੰਬੰਧੀ ਸੰਦੇਸ਼ ਘਰ ਘਰ ਤੱਕ ਪਹੁੰਚ ਸਕੇ। ਇਸ ਮੌਕੇ ਸਰਬਜੀਤ ਕੌਰ, ਸਰਬਜੀਤ ਸਿੰਘ, ਦੀਦਾਰ ਸਿੰਘ ਅਤੇ ਹੋਰ ਸਿਹਤ ਕਰਮਚਾਰੀ ਹਾਜ਼ਰ ਸਨ।

# 'ਆਪ' ਉਮੀਦਵਾਰ ਮੋਹਿੰਦਰ ਭਗਤ ਪੜ੍ਹੇ-ਲਿਖੇ ਅਤੇ ਸੂਝਵਾਨ ਵਿਅਕਤੀ- ਹਰਚੰਦ ਸਿੰਘ ਬਰਸਟ

ਜਲੰਧਰ
ਸਾਂਝੀ ਸੋਚ ਬਿਊਰੋ



ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਹਲਕਾ ਪੱਛਮੀ ਜਲੰਧਰ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੈ। 'ਆਪ' ਉਮੀਦਵਾਰ ਮੋਹਿੰਦਰ ਭਗਤ ਪੜ੍ਹੇ-ਲਿਖੇ ਅਤੇ ਸੂਝਵਾਨ ਵਿਅਕਤੀ ਹਨ, ਜੋ ਸਮਾਜ ਦੇ ਹਰ ਵਰਗ ਨਾਲ ਜੁੜੇ ਹੋਏ ਹਨ ਅਤੇ ਲੋਕ ਭਲਾਈ ਤੇ ਸਮਾਜ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਇਨ੍ਹਾਂ ਦਾ ਪਰਿਵਾਰ 2 ਪੀੜ੍ਹੀਆਂ ਤੋਂ ਜਲੰਧਰ ਦੇ ਲੋਕਾਂ ਦੀ ਸੇਵਾ ਕਰ ਰਿਹਾ ਹੈ ਅਤੇ ਜਮੀਨੀ ਪੱਧਰ ਤੇ ਲੋਕਾਂ ਨਾਲ ਜੁੜੀਆ ਹੋਇਆ ਹੈ। ਇਨ੍ਹਾਂ ਦੇ ਪਿਤਾ ਚੁੰਨੀ ਲਾਲ ਭਗਤ ਨੇ ਮੰਤਰੀ ਰਹਿੰਦਿਆਂ ਜਲੰਧਰ ਅਤੇ ਪੰਜਾਬ ਦੇ ਵਿਕਾਸ ਲਈ ਵਧੀਆ ਕੰਮ ਕੀਤੇ ਸਨ, ਤੇ ਹੁਣ ਲੋਕਾਂ ਨੂੰ ਵੀ ਆਪ ਉਮੀਦਵਾਰ ਮੋਹਿੰਦਰ ਭਗਤ ਤੋਂ ਇਹੀ ਉਮੀਦ ਹੈ।ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਲੋਕ ਕੰਮ ਕਰਨ ਵਾਲੀ ਪਾਰਟੀ ਨੂੰ ਹੀ ਵੋਟ ਦਿੰਦੇ ਹਨ ਅਤੇ ਆਮ ਆਦਮੀ ਪਾਰਟੀ ਨੇ ਆਪਣੇ 2 ਸਾਲਾਂ ਦੇ ਕਾਰਜਕਾਲ ਵਿੱਚ ਲੋਕ ਭਲਾਈ ਦੇ ਕੰਮਾਂ ਨੂੰ ਹੀ ਪਹਿਲ ਦਿੱਤੀ ਹੈ।

ਪੱਛਮੀ ਜਲੰਧਰ ਤੋਂ 'ਆਪ' ਉਮੀਦਵਾਰ ਮੋਹਿੰਦਰ ਭਗਤ ਦੇ ਸਮਰਥਨ ਵਿੱਚ ਉਨ੍ਹਾਂ ਕਿਹਾ ਕਿ ਮੋਹਿੰਦਰ ਭਗਤ ਪ੍ਰਤੀ ਲੋਕਾਂ ਦੇ ਪਿਆਰ ਅਤੇ ਵਿਸ਼ਵਾਸ ਨੂੰ ਦੇਖਦਿਆਂ ਇਹ ਯਕੀਨ ਹੋ ਗਿਆ ਹੈ ਕਿ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੇ ਅੰਤਰ ਨਾਲ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਚੋਣਾਂ ਵਿੱਚ ਵੱਡੇ-ਵੱਡੇ ਵਾਅਦੇ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਅਸਲ ਚਿਹਰਿਆਂ ਨੂੰ ਅੱਜ ਜਨਤਾ ਪਛਾਣ ਚੁੱਕੀ ਹੈ ਕਿ ਉਹ ਵਾਅਦੇ ਪੂਰੇ ਨਹੀਂ ਕਰਦੇ। ਇਸ ਚੋਣ ਵਿੱਚ ਜਨਤਾ ਧੋਖੇਬਾਜ਼ਾਂ ਨੂੰ ਸਬਕ ਸਿਖਾਏਗੀ। ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਆਪਣੇ ਕੰਮਾਂ ਦੇ ਆਧਾਰ 'ਤੇ ਚੋਣਾਂ ਲੜਦੀ ਹੈ ਅਤੇ ਇਸ ਲਈ 'ਆਪ' ਸਰਕਾਰ ਵੱਲੋਂ ਪਿਛਲੇ ਦੋ ਸਾਲਾਂ 'ਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਨੂੰ ਲੋਕਾਂ ਸਾਹਮਣੇ ਰੱਖਿਆ ਜਾ ਰਿਹਾ ਹੈ। ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪਿਛਲੇ 2 ਸਾਲਾਂ ਦੌਰਾਨ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤਾ ਹੈ। ਅੱਜ ਪੰਜਾਬ ਦੇ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਮਿਲ ਰਿਹਾ ਹੈ। ਸਰਕਾਰ ਨੇ 43000 ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸਦੇ ਨਾਲ ਹੀ ਮੁਹੱਲਾ ਕਲੀਨਿਕ, ਸਕੂਲ ਆਫ ਐਮੀਨੈਂਸ, ਔਰਤਾਂ ਨੂੰ ਮੁਫ਼ਤ ਬੱਸ ਸਫ਼ਰ, ਘਰ-ਘਰ ਰਾਸ਼ਨ, ਫਰਿਸ਼ਤੇ ਸਕੀਮ, ਸੜਕ ਸੁਰੱਖਿਆਂ ਫੋਰਸ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਖੇਡ ਨਰਸਰੀਆਂ ਦੀ ਸਥਾਪਨਾ ਕਰਨ ਤੋਂ ਇਲਾਵਾ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਨੇ ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਲਈ ਵੀ ਸਾਰਥਿਕ ਕਦਮ ਚੁੱਕੇ ਹਨ।

# ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਅਨੁਪੂਰਕ ਪ੍ਰੀਖਿਆਵਾਂ ਲਈ ਨਿਰਧਾਰਤ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਪਾਬੰਦੀ ਦੇ ਹੁਕਮ ਜਾਰੀ

ਮਾਨਸਾ
ਸਾਂਝੀ ਸੋਚ ਬਿਊਰੋ



ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਜ਼ਿਲ੍ਹਾ ਮਾਨਸਾ ਵਿਚ ਨਿਰਧਾਰਤ ਕੀਤੇ ਗਏ ਵੱਖ ਵੱਖ ਪ੍ਰੀਖਿਆ ਕੇਂਦਰਾਂ ਦੇ ਨਜ਼ਦੀਕ 100 ਮੀਟਰ ਦੇ ਘੇਰੇ ਅੰਦਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਹੁਕਮ ਵਿਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸੈਸ਼ਨ 2023-24 ਦੀਆਂ ਅਨੁਪੂਰਕ ਪ੍ਰੀਖਿਆਵਾਂ 04 ਜੁਲਾਈ, 2024 ਤੋਂ 19 ਜੁਲਾਈ, 2024 ਤੱਕ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 02:15 ਵਜੇ ਤੱਕ ਮਾਨਸਾ ਵਿਚ ਸਥਾਪਿਤ ਕੀਤੇ ਵੱਖ ਵੱਖ ਪ੍ਰੀਖਿਆ ਕੇਂਦਰਾਂ ਵਿਚ ਕਰਵਾਈ ਜਾ ਰਹੀ ਹੈ। ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਸ਼ਰਾਰਤੀ ਅਨਸਰ ਇਕੱਠੇ ਹੋ ਜਾਂਦੇ ਹਨ, ਜੋ ਪ੍ਰੀਖਿਆ ਕੇਂਦਰਾਂ ਵਿਚ ਪਹੁੰਚ ਕੇ ਪ੍ਰੀਖਿਆਵਾਂ ਦੀ ਪਵਿੱਤਰਤਾ ਅਤੇ ਅਨੁਸ਼ਾਸ਼ਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਨ।

ਹੁਕਮ ਵਿਚ ਕਿਹਾ ਗਿਆ ਹੈ ਕਿ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਕਿਸੇ ਵੀ ਵਿਅਕਤੀ/ਵਿਅਕਤੀਆਂ ਵੱਲੋਂ ਪ੍ਰੀਖਿਆ ਕੇਂਦਰਾਂ ਵਾਲੀਆਂ ਇਮਾਰਤਾਂ ਦੇ ਆਲੇ ਦੁਆਲੇ ਨਕਲ ਕਰਵਾਉਣ ਦੇ ਮੰਤਵ ਲਈ ਖੜ੍ਹੇ ਹੋਣ, ਕਿਸੇ ਵੀ ਵਿਅਕਤੀ ਵੱਲੋਂ ਨਾਅਰੇ ਲਗਾਉਣ, ਕਾਨੂੰਨ ਵਿਵਸਥਾ ਵਿਚ ਨੁਕਸੇ ਅਮਨ ਪੈਦਾ ਕਰਨ 'ਤੇ ਮਨਾਹੀ ਹੋਵੇਗੀ। ਇਹ ਹੁਕਮ 04 ਜੁਲਾਈ, 2024 ਤੋਂ 19 ਜੁਲਾਈ, 2024 ਤੱਕ ਲਾਗੂ ਰਹੇਗਾ।

# ਜਲੰਧਰ 'ਚ ਆਮ ਆਦਮੀ ਪਾਰਟੀ ਨੂੰ ਮਿਲੀ ਵੱਡੀ ਮਜ਼ਬੂਤੀ

## ਭਾਜਪਾ-ਕਾਂਗਰਸ ਤੇ ਅਕਾਲੀ ਦਲ ਦੇ ਵੱਡੇ ਆਗੂ 'ਆਪ' 'ਚ ਹੋਏ ਸ਼ਾਮਲ



ਜਲੰਧਰ
ਸਾਂਝੀ ਸੋਚ ਬਿਊਰੋ

ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਜਲੰਧਰ ਦੇ ਕਈ ਇਲਾਕਿਆਂ 'ਚ ਆਮ ਆਦਮੀ ਪਾਰਟੀ (ਆਪ) ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਜਲੰਧਰ ਸ਼ਹਿਰ 'ਚ 'ਆਪ' ਨੇ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਸੋਮਵਾਰ ਨੂੰ ਭਾਜਪਾ ਆਗੂ ਅਤੇ ਜਲੰਧਰ ਨਗਰ ਨਿਗਮ ਦੇ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਭਾਟੀਆ 'ਆਪ' ਵਿੱਚ ਸ਼ਾਮਲ ਹੋ ਗਏ।

ਜਲੰਧਰ 'ਚ ਭਾਜਪਾ ਨੂੰ ਇਕ ਹੋਰ ਝਟਕਾ ਲੱਗਾ ਹੈ। ਭਾਜਪਾ ਪੰਜਾਬ ਅਨੁਸੂਚਿਤ ਜਾਤੀ ਮੋਰਚਾ ਦੇ ਸਾਬਕਾ ਮੀਤ ਪ੍ਰਧਾਨ ਪਵਨ ਕੁਮਾਰ ਵੀ ਪਾਰਟੀ ਵਿੱਚ ਸ਼ਾਮਲ ਹੋਏ। ਰਾਜਨੀਤੀ ਦੇ ਨਾਲ-ਨਾਲ ਪਵਨ ਕੁਮਾਰ ਕਈ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਉਹ ਭਗਵਾਨ ਵਾਲਮੀਕਿ ਧਰਮ ਪ੍ਰਚਾਰ ਸਭਾ ਦੇ ਸੂਬਾ ਪ੍ਰਧਾਨ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਾਇਆ।

ਆਮ ਆਦਮੀ ਪਾਰਟੀ ਨੇ ਅਕਾਲੀ ਦਲ ਨੂੰ ਵੀ ਵੱਡਾ ਝਟਕਾ ਦਿੱਤਾ ਹੈ। ਦੋਆਬੇ ਦੇ ਉੱਘੇ ਦਲਿਤ ਆਗੂ ਵਿਜੇ ਦਾਨਵ ਆਪਣੇ ਸੈਂਕੜੇ ਸਮਰਥਕਾਂ ਸਮੇਤ 'ਆਪ' ਵਿੱਚ ਸ਼ਾਮਲ ਹੋ ਗਏ। ਨਕੋਦਰ ਤੋਂ 'ਆਪ' ਵਿਧਾਇਕ ਇੰਦਰਜੀਤ ਕੌਰ ਦੀ ਮੌਜੂਦਗੀ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਜੇ ਦਾਨਵ ਅਤੇ ਸਾਥੀਆਂ ਨੂੰ ਪਾਰਟੀ 'ਚ ਸ਼ਾਮਲ ਕੀਤਾ।

'ਸ੍ਰੀ ਗੁਰੂ ਗਿਆਨ ਨਾਥ ਸ਼ਾਂਤੀ ਸੈਨਾ' ਦੇ ਸੂਬਾ ਪ੍ਰਧਾਨ ਧਰਮਿੰਦਰ ਗਿੱਲ ਵੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਕੀਤਾ। ਉਨ੍ਹਾਂ ਨਾਲ ਮੋਨੂੰ ਬਾਹਮਣ, ਸਿਮਰਨ ਮਾਨਾ, ਵਿੱਕੀ ਰਾਠੌਰ, ਕਾਕਾ, ਮਨੀ ਗਿੱਲ, ਗੁਰਬਖਸ਼ ਸਿੰਘ, ਸਤਨਾਮ ਸਿੰਘ, ਗੁਰਨਾਮ ਸਿੰਘ, ਮਨਪ੍ਰੀਤ ਕੌਰ, ਸੁਖਵਿੰਦਰ ਸਿੰਘ, ਜੋਤੀ, ਨਿਸ਼ਾ ਗੌੜ, ਰਾਜਕੁਮਾਰ ਰਾਜੂ, ਅਸ਼ੋਕ ਕੁਮਾਰ, ਪ੍ਰੇਮ ਪਾਲ ਘਾੱਰੂ, ਬੱਬੂ ਗਿੱਲ, ਬਲਵਿੰਦਰ ਬਿੱਟਾ, ਰਾਜ ਕੁਮਾਰ, ਵਿਸ਼ਾਲ ਸ਼ਰਮਾ, ਸੁਰਜੀਤ ਬਿੱਟੂ, ਹਰਨੇਕ ਸਿੰਘ, ਮੋਨੂੰ ਲੂੰਗਾ, ਮਨਿੰਦਰ ਸਿੰਘ ਅਤੇ ਅਸ਼ੋਕ ਕੁਮਾਰ 'ਆਪ' ਪਰਿਵਾਰ ਵਿੱਚ ਸ਼ਾਮਲ ਹੋਏ।

ਕਾਂਗਰਸ ਦੇ ਸੀਨੀਅਰ ਆਗੂ ਅਤੇ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਅਤੇ ਸੂਬਾ ਕੋਆਰਡੀਨੇਟਰ ਹੇਮੰਤ ਸਭਰਵਾਲ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਮੰਤਰੀ ਅਮਨ ਅਰੋੜਾ ਅਤੇ ਹਰਭਜਨ ਸਿੰਘ ਈਟੀਓ, 'ਆਪ' ਵਿਧਾਇਕ ਬਰਿੰਦਰ ਗੋਇਲ ਅਤੇ 'ਆਪ' ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਦੀ ਮੌਜੂਦਗੀ 'ਚ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ।

ਵਿਜੇ ਬੱਤਰਾ ਨਾਲ ਪਵਨ ਕੁਮਾਰ, ਰਿੰਕੂ ਹੰਸ, ਭੁਪਿੰਦਰ ਕੁਮਾਰ, ਇੰਦਰਜੀਤ ਕਲਿਆਣ, ਰਵੀ ਕੁਮਾਰ, ਸੋਮਨਾਥ ਮਲਹੋਤਰਾ, ਭੀਸ਼ਨ ਦਾਸ ਸਹੋਤਾ, ਬਿਹਾਰੀ ਲਾਲ ਗਿੱਲ, ਪਰਮਿੰਦਰ ਕੁਮਾਰ, ਬਲਵਿੰਦਰ ਬਿੱਟੂ, ਧਰਮਿੰਦਰ ਗਿੱਲ, ਪ੍ਰੇਮ ਘਾੱਰੂ ਜੇ.ਈ., ਕੁਲਦੀਪ ਘਈ, ਲੱਕੀ ਘਈ, ਬਿੱਲਾ ਹੰਸ, ਕਮਲ ਦ੍ਰਾਵਿੜ, ਵਿਸ਼ਾਲ ਦ੍ਰਾਵਿੜ, ਵਿਪਨ ਕੁਮਾਰ, ਅਸ਼ੋਕ ਕੁਮਾਰ, ਲੱਕੀ ਕੁਮਾਰ, ਪ੍ਰਦੀਪ ਸੋਂਧੀ ਅਤੇ ਨਸੀਬ ਚੰਦ ਥਾਪਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਆਪਣੇ ਬਿਆਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਮੁੱਚਾ ਜਲੰਧਰ ਆਮ ਆਦਮੀ ਪਾਰਟੀ ਦੇ ਨਾਲ ਖੜ੍ਹਾ ਹੈ। ਸਾਡੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਲਗਾਤਾਰ ਆਮ ਆਦਮੀ ਪਾਰਟੀ ਦਾ ਸਾਥ ਦੇ ਰਹੇ ਹਨ ਅਤੇ ਪਾਰਟੀ ਨਾਲ ਜੁੜ ਰਹੇ ਹਨ। ਆਮ ਆਦਮੀ ਪਾਰਟੀ ਨੂੰ ਜਲੰਧਰ ਦੇ ਹਰ ਵਰਗ ਅਤੇ ਹਰ ਸਮਾਜ ਦੇ ਲੋਕਾਂ ਦਾ ਸਮਰਥਨ ਹਾਸਲ ਹੈ। ਉਨ੍ਹਾਂ ਕਿਹਾ ਕਿ 2022 ਦੀ ਤਰ੍ਹਾਂ ਇਸ ਵਾਰ ਵੀ ਇੱਥੋਂ ਦੇ ਲੋਕ 'ਆਪ' ਉਮੀਦਵਾਰ ਨੂੰ ਜਿਤਾਉਣ ਲਈ ਕਾਫੀ ਉਤਾਵਲੇ ਹਨ।

Gillson
TRUCKING INC



# NOW Hiring Truck Drivers Class A CDL

- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight

## Skills:

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

## Responsibilities:

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

## Pay:

- Between **$80,000.00 - $120,000.00** per year
- Average pay: **$0.50- $0.60** cents/mile
- Weekly direct deposits
- Bonuses for clean inspections
- High mileage bonuses

## Newer Equipment:

Freightliner and Volvo 2020 and present
Reset pay away from Terminals- Stockton, CA and Dayton, Ohio

- Flexible Home Time
- Pet Friendly
- Rider Policy

## Health Benefits:

Health — Dental — Vision



## Where to Apply

It's on our website the link under apply now. Please copy it here and then we would to have all.

**Apply Here:**
https://intelliapp.driverapponline.com/c/gillson?uri_b=ia_gillson_2058382794

## Contact:

1801 E Dr. Martin Luther King Jr. Blvd, Stockton, CA 95205
925-400-9094 | ext.116, ext.130 and ext.144
info@teamgillson.com

## Get in Touch:

gillsontrucking
gillsontrucking
company/gillsontrucking
www.teamgillson.com

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



**Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ**

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

**e-Baba Entertainment App ਨੂੰ Download ਕਰੋ।**




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**

WE HAVE THE CHEAPEST FARES TO INDIA

LEGEND TRAVEL



arc accredited agency
CST # 207524-40

Special Fares To India From West-coast (us) On Air India Direct Flights




JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA


AAA
TRUCK WASH
ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ
ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ
Our Locations :-
Delhi | Merced | Madera | Santa Nella
Tracy | San Fransisco | Corning
Old Truck Stop Gemco Ripon Next to Flying J, Santos Ave ਦੇ ਉੱਤੇ
Truck Wash
WASH TRUCK
Find nearest Location & Hours
Call at 1800-405-9274 or visit our website for
credit application to open credit account with our company
ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ
Tire Shop, Repair Shop, Oil & Lube Shop available on our locations
Website:- www.aaatruckwash.com

# 4161 ਮਾਸਟਰ ਕੇਡਰ ਯੂਨੀਅਨ ਜ਼ਿਲ੍ਹਾ ਸੰਗਰੂਰ ਦੀ ਹੋਈ ਮੀਟਿੰਗ

## 7 ਜੁਲਾਈ ਨੂੰ ਪੰਜਾਬ ਪੇ ਸਕੇਲ ਬਹਾਲੀ ਫ਼ਰੰਟ ਵੱਲੋਂ ਜਲੰਧਰ ਰੋਸ ਪ੍ਰਦਰਸ਼ਨ ਵਿਚ ਕੀਤੀ ਜਾਵੇਗੀ ਸ਼ਮੂਲੀਅਤ

**ਸੰਗਰੂਰ**
**ਸਾਂਝੀ ਸੋਚ ਬਿਊਰੋ**

4161 ਮਾਸਟਰ ਕੇਡਰ ਜਿਲ੍ਹਾ ਸੰਗਰੂਰ ਦੇ ਅਧਿਆਪਕਾਂ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਖੁਸ਼ਦੀਪ ਸਿੰਘ ਅਤੇ ਸੂਬਾ ਕਮੇਟੀ ਮੈਂਬਰ ਸੰਦੀਪ ਗਿੱਲ ਅਤੇ ਗੁਰਜੀਤ ਕੌਰ ਦੀ ਅਗਵਾਈ ਹੇਠ ਸਥਾਨਕ ਡੀਸੀ ਦਫ਼ਤਰ ਸੰਗਰੂਰ ਵਿਖੇ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਦੀਪ ਗਿੱਲ ਅਤੇ ਖੁਸ਼ਦੀਪ ਸਿੰਘ ਨੇ ਕਿਹਾ ਕਿ 4161 ਅਧਿਆਪਕਾਂ ਨੇ 9 ਮਈ ਨੂੰ ਆਪਣੇ ਆਪਣੇ ਜਿਲ੍ਹੇ ਦੀਆਂ ਡਾਈਟਾਂ ਵਿੱਚ ਜੁਆਇੰਨ ਕੀਤਾ ਸੀ। ਉਸ ਸਮੇਂ ਸਰਕਾਰ ਨੇ ਅਧਿਆਪਕਾਂ ਨੂੰ ਭਰੋਸਾ ਦਿੱਤਾ ਸੀ ਕੇ ਉਹਨਾਂ ਨੂੰ ਤਨਖਾਹ 9 ਮਈ ਤੋਂ ਹੀ ਜਾਰੀ ਕੀਤੀ ਜਾਵੇਗੀ, ਪਰ ਹੁਣ ਸਰਕਾਰ ਆਪਣੇ ਵਾਅਦੇ ਤੋਂ ਮੁੱਕਰਦੀ ਜਾਪ ਰਹੀ ਹੈ। ਉਹਨਾਂ ਮੰਗ ਕੀਤੀ ਕਿ ਸਰਕਾਰ ਆਪਣਾ ਵਾਅਦਾ ਪੂਰਾ ਕਰੇ।

ਉਹਨਾਂ ਕਿਹਾ ਕਿ ਅਗਾਮੀ ਦਿਨਾਂ ਵਿੱਚ ਹੋ ਰਹੀਆਂ ਆਮ ਬਦਲੀਆਂ ਵਿੱਚ 4161 ਅਧਿਆਪਕਾਂ ਨੂੰ ਵੀ ਸਪੈਸ਼ਲ ਮੌਕਾ ਦਿੱਤਾ ਜਾਵੇ। ਕਿਉਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੁਣਾਂ ਨੇ ਵੀ ਅਧਿਆਪਕਾਂ ਨਾਲ ਵਾਅਦਾ ਕੀਤਾ ਸੀ ਕਿ ਕਿਸੇ ਵੀ ਅਧਿਆਪਕ ਨੂੰ ਘਰ ਤੋਂ ਦੂਰ ਨਹੀਂ ਰਹਿਣ ਦਿੱਤਾ ਜਾਵੇਗਾ; ਜਦ ਕਿ 4161 ਅਧਿਆਪਕ 250-300 ਕਿਲੋਮੀਟਰ ਦੂਰ ਆਪਣੀਆਂ ਸੇਵਾਵਾਂ ਦੇ ਰਹੇ ਹਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਗੁਰਜੀਤ ਕੌਰ ਨੇ ਕਿਹਾ ਕੇ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਜਬਰੀ ਕੇਂਦਰੀ ਪੇ ਸਕੇਲ ਥੋਪ ਦਿੱਤੇ ਸਨ। ਉਸ ਸਮੇਂ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕੇ ਉਹਨਾਂ ਦੀ ਸਰਕਾਰ ਬਣਨ ਉਪਰੰਤ ਕੇਂਦਰੀ ਸਕੇਲ ਰੱਦ ਕਰਕੇ ਮੁੜ ਪੰਜਾਬ ਪੇ ਸਕੇਲ ਬਹਾਲ ਕੀਤਾ ਜਾਵੇਗਾ, ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਢਾਈ ਸਾਲ ਦਾ ਸਮਾਂ ਹੋ ਚੁੱਕਿਆ ਹੈ ਪਰੰਤੂ ਹਜੇ ਤੱਕ ਇਹ ਵਾਅਦਾ ਵਫ਼ਾ ਨਹੀਂ ਹੋ ਸਕਿਆ।

ਉਹਨਾਂ ਕਿਹਾ ਕਿ ਆਉਣ ਵਾਲੀ 7 ਜੁਲਾਈ ਨੂੰ ਪੰਜਾਬ ਪੇ ਸਕੇਲ ਬਹਾਲੀ ਸਾਂਝਾ ਫ਼ਰੰਟ ਵੱਲੋਂ ਰੱਖੇ ਗਏ ਰੋਸ ਪ੍ਰਦਰਸ਼ਨ ਵਿਚ 4161 ਅਧਿਆਪਕ ਵੱਧ ਚੜ ਕੇ ਸ਼ਮੂਲੀਅਤ ਕਰਨਗੇ।



ਇਸ ਦੌਰਾਨ ਸੰਗਰੂਰ ਦੀ ਜਿਲ੍ਹਾ ਕਮੇਟੀ ਦਾ ਵੀ ਗਠਨ ਕੀਤਾ ਗਿਆ। ਜਿਸ ਵਿੱਚ ਮਨਦੀਪ ਸਿੰਘ ਮੀਤ ਪ੍ਰਧਾਨ, ਰਣਜੀਤ ਸਿੰਘ ਕੋਟੜਾ ਖਜਾਨਚੀ ਅਤੇ ਅਮਿਤ ਸੰਗਰੂਰ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਅਮਨਦੀਪ ਕੌਰ, ਗੁਰਮੀਤ ਕੌਰ, ਜਸਪ੍ਰੀਤ ਕੌਰ, ਮਨਦੀਪ ਸਿੰਘ, ਰਾਮ ਸਿੰਘ, ਗੁਰਤੇਜ ਖਾਈ, ਲਖਵੀਰ ਸਿੰਘ ਅੜਕਵਾਸ, ਕੁਲਦੀਪ ਸਿੰਘ, ਜਗਸੀਰ ਸਿੰਘ ਆਦਿ ਅਧਿਆਪਕ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਸਿਵਲ ਸਰਜਨ ਡਾ.ਕਿਰਪਾਲ ਸਿੰਘ ਨੂੰ ਪ੍ਰਸ਼ੰਸਾ ਪੱਤਰ ਮਿਲਿਆ

## ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਨਿਰੰਤਰ ਯਤਨਸ਼ੀਲ ਹਾਂ: ਡਾ ਕਿਰਪਾਲ ਸਿੰਘ

**ਚੰਡੀਗੜ੍ਹ**
**ਸਾਂਝੀ ਸੋਚ ਬਿਊਰੋ**

ਸੂਬੇ ਵਿੱਚ ਮਾਵਾਂ ਦੀ ਮੌਤ ਦਰ ਨੂੰ ਘਟਾਉਣ ਲਈ ਕੀਤੇ ਜਾ ਰਹੇ ਵਿਸ਼ੇਸ਼ ਯਤਨਾਂ ਲਈ ਸਿਹਤ ਵਿਭਾਗ ਜ਼ਿਲ੍ਹਾ ਸੰਗਰੂਰ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪ੍ਰਸ਼ੰਸਾ ਪੱਤਰ ਦਿੱਤਾ ਗਿਆ। ਸਿਵਲ ਸਰਜਨ ਡਾ ਕਿਰਪਾਲ ਸਿੰਘ ਦੇ ਨਾਮ ਮਿਲਿਆ ਇਹ ਪ੍ਰਸ਼ੰਸਾ ਪੱਤਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਇੰਦਰਜੀਤ ਸਿੰਗਲਾ, ਸੀਨੀਅਰ ਮੈਡੀਕਲ ਅਫ਼ਸਰ ਭਵਾਨੀਗੜ੍ਹ ਡਾ. ਵਿਨੋਦ ਕੁਮਾਰ ਅਤੇ ਸਿਵਲ ਹਸਪਤਾਲ ਸੰਗਰੂਰ ਦੇ ਗਾਈਨੀ ਵਾਰਡ ਇੰਚਾਰਜ ਔਰਤਾਂ ਦੇ ਰੋਗਾਂ ਦੇ ਮਾਹਰ ਡਾ. ਹਰਪ੍ਰੀਤ ਕੌਰ ਰੇਖੀ ਵੱਲੋ ਪ੍ਰਾਪਤ ਕੀਤਾ ਗਿਆ।

ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਜਣੇਪਾ ਮੌਤ ਦੀ ਸਮੀਖਿਆ ਬਾਰੇ ਚੰਡੀਗੜ੍ਹ ਵਿਖੇ ਹੋਈ ਇੱਕ ਰੋਜ਼ਾ ਵਰਕਸ਼ਾਪ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿਹਤ ਅਤੇ ਪਰਿਵਾਰ ਭਲਾਈ ਅਫ਼ਸਰ, ਐਸ.ਐਮ.ਓਜ਼ ਅਤੇ ਗਾਇਨੀਕੋਲੋਜਿਸਟ ਨੇ ਭਾਗ ਲਿਆ।

ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਹਿਤਿੰਦਰ ਕੌਰ ਅਤੇ ਸਕੱਤਰ ਸਿਹਤ ਕਮ ਮਿਸ਼ਨ ਡਾਇਰੈਕਟਰ ਐਨਐਚਐਮ ਡਾ. ਅਭਿਨਵ ਤ੍ਰਿਖਾ ਨੇ ਹਾਈ ਰਿਸਕ ਗਰਭਵਤੀ ਔਰਤਾਂ ਦੀ ਸਾਂਭ ਸੰਭਾਲ ਯਕੀਨੀ ਬਣਾਉਣ 'ਤੇ ਜੋਰ ਦਿੱਤਾ।




ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਸ਼੍ਰੀ ਅਜੋਏ ਸ਼ਰਮਾ ਵੀਡੀਓ ਕਾਨਫਰੰਸਿੰਗ ਰਾਹੀਂ ਵਰਕਸ਼ਾਪ ਵਿੱਚ ਸ਼ਾਮਲ ਹੋਏ।

ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਸੰਗਰੂਰ ਗਰਭਵਤੀ ਮਾਵਾਂ ਨੂੰ ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਮਾਂਵਾਂ ਦੀ ਮੌਤ ਦਰ ਨੂੰ ਘਟਾਉਣ ਲਈ ਗਰਭਵਤੀਆਂ ਦੀ ਨਿਯਮਿਤ ਜਾਂਚ ਤੋਂ ਇਲਾਵਾ ਹਰ ਮਹੀਨੇ ਦੋ ਵਾਰ ਵਿਸ਼ੇਸ਼ ਜਾਂਚ ਕੈਂਪ ਲਾ ਕੇ ਚੈੱਕਅੱਪ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜ਼ਮੀਨੀ ਪੱਧਰ ਤੱਕ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਗਰਭਵਤੀ ਔਰਤਾਂ ਨੂੰ ਮੁਫਤ ਸਿਹਤ ਸੇਵਾਵਾਂ ਅਤੇ ਹੋਰ ਲਾਭ ਪ੍ਰਦਾਨ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਨਨੀ ਸੁਰੱਖਿਆ ਯੋਜਨਾ ਦੇ ਤਹਿਤ ਹਰ ਔਰਤ ਨੂੰ ਸ਼ਹਿਰੀ ਖੇਤਰਾਂ ਵਿੱਚ 6 ਸੌ ਰੁਪਏ ਅਤੇ ਪੇਂਡੂ ਖੇਤਰਾਂ ਵਿੱਚ 7 ਸੌ ਰੁਪਏ ਦਿੱਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਨਾਰਮਲ ਡਿਲੀਵਰੀ ਹੋਣ ਦੀ ਸੂਰਤ ਵਿੱਚ ਔਰਤ ਨੂੰ ਤਿੰਨ ਦਿਨਾਂ ਲਈ ਮੁਫਤ ਨਾਰਮਲ ਡਿਲੀਵਰੀ, ਸੀ-ਸੈਕਸ਼ਨ, ਦਵਾਈਆਂ, ਡਾਇਗਨੋਸਟਿਕਸ, ਖੂਨ, ਪੌਸ਼ਟਿਕ ਖੁਰਾਕ ਅਤੇ ਸੀ-ਸੈਕਸ਼ਨ ਦੀ ਸੂਰਤ ਵਿੱਚ ਸੱਤ ਦਿਨਾਂ ਲਈ ਮੁਫਤ ਦਿੱਤੀ ਜਾਂਦੀ ਹੈ।

ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਜਣੇਪੇ ਤੋਂ ਪਹਿਲਾਂ, ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਬਾਅਦ ਦੀ ਦੇਖਭਾਲ ਸੇਵਾਵਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ ਉੱਤੇ ਡਾ ਹਰਬੰਸ ਸਿੰਘ ਸੀਨੀਅਰ ਮੈਡੀਕਲ ਅਫ਼ਸਰ, ਡਾ ਰਾਹੁਲ, ਡਾ ਆਸਥਾ ਗਰਗ, ਆਈਐਸਐਮ ਵਿੰਗ ਦੇ ਇੰਚਾਰਜ ਹਰਪ੍ਰੀਤ ਸਿੰਘ ਭੰਡਾਰੀ, ਕਰਨੈਲ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਅਤੇ ਸ਼੍ਰੀਮਤੀ ਵੈਸ਼ਾਲੀ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਵੀ ਮੌਜੂਦ ਸਨ।

# ਦਸਤ ਰੋਕੂ ਮੁਹਿੰਮ ਤਹਿਤ ਆਸ਼ਾ ਵਰਕਰਾਂ ਵੱਲੋਂ ਘਰ ਘਰ ਓ.ਆਰ.ਐਸ. ਅਤੇ ਜ਼ਿੰਕ ਦੀਆਂ ਗੋਲੀਆਂ ਵੰਡੀਆਂ ਜਾਣਗੀਆਂ

**ਮਾਨਸਾ**
**ਸਾਂਝੀ ਸੋਚ ਬਿਊਰੋ**

ਸਿਹਤ ਵਿਭਾਗ ਵੱਲੋਂ ਚਲਾਈ ਦਸਤ ਰੋਕੂ ਮੁਹਿੰਮ ਬਾਲ ਮੌਤਾਂ ਨੂੰ ਘੱਟ ਕਰਨ ਲਈ ਸਹਾਈ ਸਿੱਧ ਹੋਵੇਗੀ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਸਿਵਲ ਹਸਪਤਾਲ ਮਾਨਸਾ ਵਿਖੇ ਜਾਗਰੂਕਤਾ ਪੋਸਟਰ ਜਾਰੀ ਕਰਨ ਮੌਕੇ ਕੀਤਾ।

ਉਨ੍ਹਾਂ ਦੱਸਿਆ ਕਿ 01 ਜੁਲਾਈ ਤੋਂ 31 ਅਗਸਤ ਤੱਕ ਚਲਾਈ ਜਾ ਰਹੀ ਇਸ ਮੁਹਿੰਮ ਦਾ ਮੁੱਖ ਮਕਸਦ ਦਸਤ (ਡਾਇਰੀਆ) ਨਾਲ ਹੋਣ ਵਾਲੀਆਂ ਬਾਲ ਮੌਤਾਂ ਨੂੰ ਘੱਟ ਕਰਨਾ ਹੈ। ਕਾਰਜਕਾਰੀ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਗਰਮੀਆ ਦੇ ਮੌਸਮ ਅਤੇ ਸਾਫ ਸਫਾਈ ਦੀ ਘਾਟ ਕਾਰਨ ਵੱਡੇ ਵਿਅਕਤੀਆਂ ਅਤੇ ਖਾਸ ਕਰ ਛੋਟੇ ਬੱਚਿਆਂ ਨੂੰ ਉਲਟੀਆਂ ਅਤੇ ਦਸਤ ਲੱਗ ਜਾਂਦੇ ਹਨ। ਜੇਕਰ ਇਸ ਦਾ ਸਮੇਂ ਸਿਰ ਇਲਾਜ਼ ਨਾ ਕੀਤਾ ਜਾਵੇ ਤਾਂ ਖਾਸ ਕਰਕੇ ਬੱਚਿਆਂ ਲਈ ਜਾਨਲੇਵਾ ਸਿੱਧ ਹੁੰਦਾ ਹੈ। ਇਸ ਲਈ ਗਰਮੀਆਂ ਦੇ ਮੌਸਮ ਵਿੱਚ ਸਾਫ਼ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ, ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰਾਂ ਸਾਬਣ ਨਾਲ ਸਾਫ਼ ਕਰਨਾ ਚਾਹੀਦਾ ਹੈ।

ਜਿਲ੍ਹਾ ਟੀਕਾਕਰਣ ਅਫ਼ਸਰ ਡਾ. ਕੰਵਲਪ੍ਰੀਤ ਬਰਾੜ ਨੇ ਦੱਸਿਆ ਕਿ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਓ.ਆਰ.ਐਸ. ਕਾਰਨਰ ਬਣਾ ਕੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਸਤ ਹੋਣ ਦੀ ਸੂਰਤ ਵਿੱਚ ਓ.ਆਰ.ਐਸ.ਦਾ ਘੋਲ ਅਤੇ ਜਿੰਕ ਦੀਆਂ ਗੋਲੀਆਂ 14 ਦਿਨਾਂ ਤੱਕ ਡਾਕਟਰ ਦੀ ਸਲਾਹ ਨਾਲ ਪੀਂਦੇ ਰਹਿਣਾ ਚਾਹੀਦਾ ਹੈ, ਤਾਂ ਕਿ ਸਰੀਰ ਵਿੱਚ ਪਾਣੀ ਅਤੇ ਖਣਿਜ ਪਦਾਰਥਾਂ ਦੀ ਕਮੀ ਨਾ ਹੋ ਸਕੇ। ਉਨਾਂ ਦੱਸਿਆ ਕਿ ਆਰ.ਬੀ ਐਸ.ਕੇ. ਦੀਆਂ ਟੀਮਾਂ ਦੁਆਰਾ ਵੀ ਸਕੂਲਾਂ ਵਿੱਚ ਇਸ ਸਬੰਧੀ ਜਾਗਰੂਕ ਕੀਤਾ ਜਾਵੇਗਾ।

ਬਚਿਆ ਦੇ ਮਾਹਿਰ ਡਾ. ਪਰਵਰਿਸ਼ ਨੇ ਦੱਸਿਆ ਕਿ ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਮੌਤ ਦਰ ਘਟਾਉਣ ਦੇ ਮੰਤਵ ਨਾਲ ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਓ.ਆਰ.ਐਸ/ਜਿੰਕ ਕਾਰਨਰ ਬਣਾ ਕੇ ਇਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਸਿਹਤ ਵਿਭਾਗ ਦੀਆਂ ਆਸ਼ਾ ਦੁਆਰਾ ਘਰ ਘਰ ਜਾ ਕੇ ਸਰਵੇ ਕੀਤਾ ਜਾਵੇਗਾ, ਜਿੰਨ੍ਹਾ ਘਰਾਂ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹਨ, ਉਨਾਂ ਘਰਾਂ ਵਿੱਚ ਪ੍ਰਤੀ ਬੱਚਾ ਦੋ ਦੋ ਪੈਕਟ ਓ.ਆਰ.ਐਸ. ਅਤੇ 14 ਗੋਲੀਆਂ ਜਿੰਕ ਦੀਆਂ ਡਾਕਟਰ ਦੀ ਸਲਾਹ ਨਾਲ ਦਿੱਤੀਆਂ ਜਾ ਸਕਦੀਆਂ ਹਨ।

ਉਨ੍ਹਾਂ ਦੱਸਿਆ ਕਿ ਜਿੰਨ੍ਹਾਂ ਘਰਾਂ ਵਿੱਚ ਛੋਟੇ ਬੱਚੇ ਹਨ,ਉਨ੍ਹਾਂ ਘਰਾਂ ਵਿੱਚ ਮਾਂ ਦੇ ਦੁੱਧ ਦੀ ਮਹੱਤਤਾ ਅਤੇ ਓ.ਆਰ.ਐਸ. ਦਾ ਘੋਲ ਘਰ ਵਿੱਚ ਤਿਆਰ ਕਰਨ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਮੁਹਿੰਮ ਦੌਰਾਣ ਆਰ.ਬੀ.ਐਸ.ਕੇ.ਦੀਆਂ ਟੀਮਾਂ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ,



ਕਰਮਚਾਰੀਆਂ ਅਤੇ ਆਸ਼ਾ ਵੱਲੋਂ ਸਕੂਲਾਂ ਵਿੱਚ ਬੱਚਿਆਂ ਨੂੰ ਹੱਥ ਸਾਫ ਕਰਨ ਸਬੰਧੀ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਡਾ. ਬਲਜੀਤ ਕੌਰ ਸੀਨੀਅਰ ਮੈਡੀਕਲ ਅਫ਼ਸਰ ਮਾਨਸਾ, ਡਾਕਟਰ ਹਿਤਿਕਾ ਸ਼ਰਮਾ, ਡਾ. ਮੇਘਨਾ ਥਰੇਜਾ, ਦਰਸ਼ਨ ਸਿੰਘ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ, ਅਵਤਾਰ ਸਿੰਘ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਤੋਂ ਇਲਾਵਾ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।


ਸਭ ਦੀ ਪਹਿਲੀ ਪਸੰਦ
JEWEL OF INDIA
Sweets & Restaurant
ਹਰ ਤਰ੍ਹਾਂ ਦੀਆਂ ਸਵਾਦਿਸ਼ਟ ਇੰਡੀਅਨ ਮਠਿਆਈਆਂ ਤੇ ਲਾਜਵਾਬ ਭੋਜਨ
ਵਿਆਹ - ਸ਼ਾਦੀਆਂ ਲਈ ਸਪੈਸ਼ਲ ਆਡਰ ਅਨੁਸਾਰ
ਤਾਜ਼ੀਆਂ ਮਠਿਆਈਆਂ ਤਿਆਰ ਕਰਵਾ ਸਕਦੇ ਹੋ
OPEN :
MONDAY -SUNDAY - 10:00 AM - 9:00 PM
Pick up or Delivery . Order Online at
www.JEWELOFINDIAINC.com
Veg & Non-Veg (BOTH)
VEG
NON-VEG
Order The Best
Indian Sweets
Sukhraj: (408) 637-1464
Ph: (408) 929-5117 | Fax: (408) 929-3894
Address: 2634 Alum Rock Ave San Jose, CA 95116





RE/MAX®
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 |(209) 505-6384
Address : 119. Maple AVe, Suite A Manteca, CA 95336

# ਸਿਹਤ ਮੰਤਰੀ ਦੇ ਅੜੀਅਲ ਰਵੀਏ ਵਿਰੁੱਧ 7 ਜੁਲਾਈ ਨੂੰ ਜਲੰਧਰ ਪੱਛਮੀ ਹਲਕੇ ਵਿਖੇ ਧਰਨਾ ਦਿੱਤਾ ਜਾਵੇਗਾ: ਸੂਬਾ ਕਰਜਕਰਨੀ



ਲੁਧਿਆਣਾ
ਸਾਂਝੀ ਸੋਚ ਬਿਊਰੋ

ਪੰਜਾਬ ਰਾਜ ਫਾਰਮੇਸੀ ਆਫੀਸਰਜ ਐਸੋਸ਼ੀਏਸ਼ਨ ਦੀ ਜਰੂਰੀ ਮੀਟਿੰਗ ਬੀਤੇ ਦਿਨ ਲੁਧਿਆਣਾ ਵਿਖੇ ਨਰਿੰਦਰ ਮੋਹਣ ਸ਼ਰਮਾ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਸੁਨੀਲ ਦੱਤ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਵਿੱਚ ਸਾਰੇ ਹੀ ਮੈਂਬਰਾਂ ਸਿਹਤ ਮੰਤਰੀ ਦੇ ਫਾਰਮੇਸੀ ਆਫ਼ੀਸਰਜ ਦੀ ਭਰਤੀ ਸਬੰਧੀ ਟਾਲਮਟੋਲ ਦੀ ਨੀਤੀ ਬਾਰੇ ਸਖ਼ਤ ਸ਼ਬਦਾ ਵਿਚ ਨਿਖੇਧੀ ਕੀਤੀ ਅਤੇ ਮੰਗ ਕੀਤੀ ਕੇ ਫਾਰਮੇਸੀ ਆਫ਼ੀਸਰ ਦੀਆ ਲੱਗ ਭੱਗ 650 ਤੋਂ ਵੱਧ ਪੋਸਟਾਂ ਖਾਲੀ ਹਨ ਅਤੇ ਕੰਮ ਦਾ ਬੋਝ ਬਹੁਤ ਵੱਧ ਗਿਆ ਹੈ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਦਵਾਈਆਂ ਦੀ ਗਿਣਤੀ ਬਹੁਤ ਵਧਾ ਦਿੱਤੀ ਗਈ ਹੈ ਦੂਸਰੇ ਪਾਸੇ ਸਰਕਾਰ ਸਾਰਾ ਕੰਮ ਆਨ ਲਾਈਨ ਕਰਨ ਵੱਲ ਵਧ ਰਹੀ ਹੈ ਪ੍ਰੰਤੂ ਰਜਿਸਟਰ ਵਰਕ ਖਤਮ ਨਹੀਂ ਕਰ ਰਹੀ। ਜਥੇਬੰਦੀ ਮੰਗ ਕਰਦੀ ਹੈ ਕਿ ਬਿਨਾ ਕਿਸੇ ਦੇਰੀ ਤੋਂ ਤਰੁੰਤ ਖਾਲੀ ਪੋਸਟਾਂ ਭਰੇ, ਰਜਿਸਟਰ ਵਰਕ ਖਤਮ ਕਰੇ ਅਤੇ 23 ਫਰਵਰੀ ਨੂੰ ਪ੍ਰਮੁੱਖ ਸਕੱਤਰ ਸਿਹਤ ਵੱਲੋਂ ਕੰਮ ਅਤੇ ਦਵਾਈਆਂ ਦੀ ਗਿਣਤੀ ਦੇ ਵਾਧੇ ਨੂੰ ਮੁੱਖ ਰੱਖਦੇ ਹੋਏ ਪੋਸਟਾਂ ਵਿੱਚ ਵਾਧਾ ਕਰਨ ਸਬੰਧੀ ਫੈਸਲੇ ਨੂੰ ਅਮਲੀ ਰੂਪ ਦਿੱਤਾ ਜਾਵੇ ।

ਪੰਜਾਬ ਰਾਜ ਫਾਰਮੇਸੀ ਆਫ਼ੀਸਰ ਐਸੋਸ਼ੀਏਸ਼ਨ ਨੇ ਫੈਸਲਾ ਕੀਤਾ ਕਿ 7 ਜੁਲਾਈ 2024 ਨੂੰ ਸਿਹਤ ਮੰਤਰੀ ਦੇ ਅੜੀਅਲ ਵਤੀਰੇ ਵਿਰੁੱਧ ਅਤੇ ਫਾਰਮੇਸੀ ਕਿੱਤੇ ਨੂੰ ਅਣਗੌਲਿਆਂ ਕਰਨ ਲਈ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪੰਜਾਬ ਰਾਜ ਫਾਰਮੇਸੀ ਆਫੀਸਰਜ ਵੱਲੋਂ ਸੂਬਾ ਜਨਰਲ ਕੌਂਸਿਲ ਦਾ ਧਰਨਾ ਦਿੱਤਾ ਜਾਵੇਗਾ। ਮੀਟਿੰਗ ਵਿੱਚ ਮੀਨਾਕਸ਼ੀ ਧੀਰ, ਗੁਰਦੀਪ ਸਿੰਘ, ਬਲਰਾਜ ਸਿੰਘ, ਕਰਮਜੀਤ ਸਿੰਘ, ਸੁਖਦੀਪ ਸ਼ਰਮਾ, ਰਾਜ ਕੁਮਾਰ ਕੁੱਕੜ, ਜਤਿੰਦਰ ਕੌਰ, ਕੁਲਦੀਪ ਸਿੰਘ,ਇੰਦਰਜੀਤ ਸਿੰਘ, ਭੁਪਿੰਦਰ ਸਿੰਘ, ਸ਼ੁਭ ਸ਼ਰਮਾ, ਅਸ਼ੋਕ ਕੁਮਾਰ, ਸੰਦੀਪ ਸਿੰਘ, ਯੋਗੇਸ਼ ਸ਼ਰਮਾ, ਹਰਪ੍ਰੀਤ ਸਿੰਘ, ਪਲਵਿੰਦਰ ਸਿੰਘ, ਕਰਮਜੀਤ ਸਿੰਘ,ਪ੍ਰਿੰਸ ਪਾਲ, ਪਰਮਜੋਤ ਸਿੰਘ,ਸ਼ਰਨਜੀਤ ਬਾਵਾ, ਰਜਿੰਦਰ ਅਰੋੜਾ, ਜਸਵਿੰਦਰ ਪੁਰੀ, ਪਲਵਿੰਦਰ ਸਿੰਘ, ਨਵਕਿਰਨ ਸਿੰਘ ਹਾਜ਼ਿਰ ਸਨ

# ਡੀ.ਏ.ਵੀ ਕਾਲਜ ਜਲੰਧਰ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ




ਜਲੰਧਰ
ਸਾਂਝੀ ਸੋਚ ਬਿਊਰੋ

ਡੀ.ਏ.ਵੀ.ਕਾਲਜ ਜਲੰਧਰ ਦੇ ਐੱਨ.ਐੱਸ.ਐੱਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ, ਪ੍ਰਿੰਸੀਪਲ ਡਾ.ਰਾਜ਼ੇਸ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਸਾਲ ਦੀ ਤਰ੍ਹਾਂ ਵਣ ਮਹਾਉਤਸਵ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਰਾਜ਼ੇਸ ਕੁਮਾਰ ਹੁਰਾਂ ਐੱਨ.ਐੱਸ.ਐੱਸ ਵਲੰਟੀਅਰਜ ਨੂੰ ਵਾਤਾਵਰਣ ਦੀ ਸਾਂਭ-ਸੰਭਾਲ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਮਨੁੱਖੀ ਜੀਵਨ ਵਿੱਚ ਵਾਤਾਵਰਣ ਦਾ ਅਹਿਮ ਰੋਲ ਹੁੰਦਾ ਹੈ ਸੋ ਇਸਦੀ ਸਾਂਭ-ਸੰਭਾਲ ਲਈ ਹਰ ਮਨੁੱਖ ਦੀ ਲਾਜ਼ਮੀ ਜ਼ਿੰਮੇਵਾਰੀ ਬਣਦੀ ਹੈ। ਐੱਨ.ਐੱਸ.ਐੱਸ ਕੁਆਰਡੀਨੇਟਰ ਡਾ.ਸਾਹਿਬ ਸਿੰਘ ਨੇ ਵਲੰਟੀਅਰਜ ਨਾਲ਼ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਕਿਹਾ ਕਿ ਅਜੋਕੇ ਦੌਰ ਵਿੱਚ ਵਾਤਾਵਰਣ ਦੀ ਸਾਂਭ-ਸੰਭਾਲ ਹੋਣੀ ਬਹੁਤ ਜ਼ਰੂਰੀ ਹੈ, ਜੇ ਵਾਤਾਵਰਣ ਸਾਫ਼-ਸੁਥਰਾ ਹੋਵੇਗਾ ਤਾਂ ਮਨੁੱਖੀ ਜੀਵਨ ਵੀ ਤੰਦਰੁਸਤੀ ਵਾਲ਼ਾ ਹੋਵੇਗਾ। ਇਸ ਮੌਕੇ ਵਲੰਟੀਅਰਜ ਨੇ ਕਾਲਜ ਵਿਚ ਪੌਦੇ ਲਗਾਏ ਅਤੇ ਪਹਿਲਾਂ ਲਗਾਏ ਪੌਦਿਆਂ ਦੀ ਸਾਫ਼-ਸਫ਼ਾਈ ਕੀਤੀ। ਵਲੰਟੀਅਰਜ ਨੇ ਇਹ ਪੂਰਾ ਹਫ਼ਤਾ ਪੂਰੀ ਨਿਸ਼ਠਾ ਨਾਲ਼ ਵਾਤਾਵਰਣ ਦੀ ਸਾਂਭ-ਸੰਭਾਲ ਲਈ ਸਮਰਪਿਤ ਕਰਨ ਦੀ ਸਹੁੰ ਚੁੱਕੀ ਅਤੇ ਇਸਦੀ ਸ਼ੁਰੂਆਤ ਕਾਲਜ ਕੈਂਪਸ ਤੋਂ ਕੀਤੀ। ਵਿਸ਼ੇਸ਼ ਤੌਰ 'ਤੇ ਪਹੰਚੇ ਐੱਨ.ਸੀ.ਸੀ ਦੇ ਸੀਟੀਓ ਡਾ. ਸੁਨੀਲ ਠਾਕੁਰ ਨੇ ਕਿਹਾ ਕਿ ਪੌਦੇ ਲਗਾ ਕੇ ਉਹਨਾਂ ਦੀ ਪਾਲਣਾ-ਪੋਸ਼ਣਾ ਕਰਨੀ ਵੱਡੀ ਜ਼ਿੰਮੇਵਾਰੀ ਹੈ। ਇਸ ਮੌਕੇ ਐੱਨ.ਐੱਸ.ਐੱਸ ਵਲੰਟੀਅਰਜ ਨੇ ਆਪਣੇ ਵਾਤਾਵਰਣ ਦੀ ਸਾਂਭ-ਸੰਭਾਲ ਸੰਬੰਧੀ ਵਿਚਾਰ ਚਰਚਾ ਵੀ ਕੀਤੀ। ਇਸ ਮੌਕੇ ਵਲੰਟੀਅਰਜ ਤੋਂ ਇਲਾਵਾ ਪ੍ਰੋ. ਰਾਹੁਲ ਸੇਖੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।







SAN MARCO TEEYAN BAY POINT
PROUDLY PRESENTS ( NONPROFIT)
7TH ANNUAL WOMENS FESTIWAL
FETURING : GIDHA, DANCE, SKITS, SONGS, LIVE DJ AND MUCH MORE
San marco Teeyan
SINGER
JASPINDER RAINA
HOST
JOT RANJIT
ON SUNDAY JULY 14TH 2024
@MEHRAN BANQUET HALL 12 PM TO 6 PM
3841 RAILROAD AVE, PITTSBURG, CA 94565
PHOTO & VIDEOGRAPHY BY
PAL FILMS
REFFEL DRAWING FOR GOLD ITEM
AND MORE PRIZES
Free Entry
Free Parking
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-465-3414

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205



ਗੁਰਮੀਤ ਸਿੰਘ ਪਲਾਹੀ
98158-02070

# ਬਦਲ ਰਹੇ ਸਿਆਸੀ ਸਮੀਕਰਣ ਪੰਜਾਬ ਦੇ

ਸੂਬੇ ਪੰਜਾਬ ਦੇ ਸਿਆਸੀ ਹਾਲਾਤ ਨਿੱਤ ਪ੍ਰਤੀ ਬਦਲ ਰਹੇ ਹਨ। ਪਾਰਲੀਮੈਂਟ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਤ ਕੁਝ ਗੁਆ ਲਿਆ ਹੈ, ਹੁਣ ਉਹ ਵੋਟ ਪ੍ਰਤੀਸ਼ਤ ਸ਼੍ਰੋਮਣੀ ਅਕਾਲੀ ਦੇ ਪੱਲੇ ਨਹੀਂ ਰਹੀ, ਜੋ ਕਦੇ ਉਸਦਾ ਇੱਕ ਇਲਾਕਾਈ ਪਾਰਟੀ ਦੇ ਤੌਰ 'ਤੇ ਪ੍ਰਭਾਵੀ ਸਿਆਸੀ ਪਾਰਟੀ ਵਾਲਾ ਅਕਸ ਉਭਾਰਦੀ ਸੀ।

ਪਾਰਲੀਮੈਂਟ ਚੋਣਾਂ ਉਪਰੰਤ ਪੰਜਾਬ 'ਚ ਪੰਜ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਹਨਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਭਿਆਲੀ ਪਾਈ ਹੈ ਅਤੇ ਜਲੰਧਰ ਪੱਛਮੀ, ਚੱਬੇਵਾਲ (ਦੋਵੇਂ ਰਾਖਵੇਂ ਹਲਕੇ) ਚੋਣ ਹਲਕੇ ਤੋਂ ਬਸਪਾ ਚੋਣ ਲੜੇਗੀ ਅਤੇ ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਵਾਹਾ ਤੋਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਚੋਣ ਲੜਨਗੇ। ਇਹ ਜ਼ਿਮਨੀ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣਗੀਆਂ। ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਇਹ ਸਾਂਝ ਭਿਆਲੀ ਜਾਰੀ ਰਹੇ ਅਤੇ ਸਾਰੀਆਂ ਰਾਖਵੀਆਂ ਸੀਟਾਂ ਬਸਪਾ ਅਤੇ ਅਣ-ਰਾਖਵੀਆਂ ਸੀਟਾਂ ਉਤੇ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਖੜੇ ਹੋਣ। ਪਰ ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਹੁਣ ਨਾ ਬਸਪਾ ਦਾ ਰਾਖਵੀਆਂ ਸੀਟਾਂ ਉਤੇ ਕੋਈ ਵੱਡਾ ਬੋਲਬਾਲਾ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਆਪਣਾ ਅਧਾਰ ਬਚਾਕੇ ਰੱਖ ਸਕਿਆ ਹੈ।

ਪਿਛਲੀਆਂ ਦੋ-ਤਿੰਨ ਚੋਣਾਂ 'ਚ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਉਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਉਸ ਦੀ ਪਾਰਟੀ ਦੇ ਵੱਡੇ ਨੇਤਾ ਉਸਦਾ ਸਾਥ ਛਡ ਰਹੇ ਹਨ। ਬਾਗੀ ਹੋ ਰਹੇ ਹਨ। ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਤੋਂ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਕਾਟੋ-ਕਲੇਸ਼ ਇਥੋਂ ਤੱਕ ਵਧ ਚੁੱਕਾ ਹੈ ਕਿ ਜਲੰਧਰ ਪੱਛਮੀ ਤੋਂ ਸੁਖਬੀਰ ਸਿੰਘ ਬਾਦਲ ਨੇ ਬੀਬੀ ਸੁਰਜੀਤ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਥਾਪਿਆ ਸੀ, ਇਹ ਨਾਂਅ ਬੀਬੀ ਜਗੀਰ ਕੌਰ ਨੇ ਸੁਝਾਇਆ ਸੀ ਪਰ ਕਿਉਂਕਿ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬਮਧਕ ਕਮੇਟੀ ਹੁਣ ਵਿਰੋਧੀਆਂ ਦੇ ਖੇਮੇ ਦੀ ਮੁੱਖ ਨੇਤਾ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੇ ਸੁਰਜੀਤ ਕੌਰ ਨੂੰ ਆਪਣੇ ਉਮੀਦਵਾਰ ਵਜੋਂ ਹਿਮਾਇਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਐਲਾਨ ਕੀਤਾ ਹੈ। ਇਸ ਸਥਿਤੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਤੀ ਪਾਰਟੀ ਦੇ ਵਿਰੋਧੀ ਖੇਮੇ 'ਚ ਵੱਡਾ ਰੋਸ ਹੈ।

ਖਡੂਰ ਸਾਹਿਬ ਅਤੇ ਫਰੀਦਕੋਟ ਪਾਰਲੀਮਾਨੀ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਉਪਰੰਤ ਉਤਸ਼ਾਹਤ ਹੋਈਆਂ ਪੰਥਕ ਧਿਰਾਂ ਵਲੋਂ ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ ਗਿੱਦੜਵਾਹਾ, ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਅਤੇ ਕੁਲਵੰਤ ਸਿੰਘ ਰਾਊਕੇ ਬਰਨਾਲਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜਨਗੇ। ਚੱਬੇਵਾਲ ਰਾਖਵਾਂ ਹਲਕਾ ਹੈ, ਇਸ ਧਿਰ ਵਲੋਂ ਇਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਹੈ।

ਇਥੇ ਵੇਖਣ ਯੋਗ ਗੱਲ ਇਹ ਵੀ ਹੋਵੇਗੀ ਕਿ ਕੀ ਸ਼੍ਰੋਮਣੀ ਅਕਾਲੀ ਦਲ (ਬ) ਦੋ ਫਾੜ ਹੋ ਜਾਏਗਾ ਤੇ ਇੱਕ ਹੋਰ ਨਵਾਂ ਅਕਾਲੀ ਦਲ ਬਣੇਗਾ। ਇਹ ਅਕਾਲੀ ਦਲ ਦੀ ਦੂਜੀਆਂ ਪੰਥਕ ਧਿਰਾਂ ਨਾਲ ਹੱਥ ਮਿਲਾਏਗਾ? ਸਿਮਰਨਜੀਤ ਸਿੰਘ ਮਾਨ ਦਾ ਧੜਾ ਵੀ ਪਹਿਲਾਂ ਦੀ ਤਰ੍ਹਾਂ ਆਪਣੇ ਉਮੀਦਵਾਰ ਖੜੇ ਕਰੇਗਾ। ਖੱਬੀਆਂ ਧਿਰਾਂ ਵੀ ਮੈਦਾਨ 'ਚ ਆਉਣਗੀਆਂ, ਕਿਉਂਕਿ ਪੰਜਾਬ 'ਚ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਪਾਰਲੀਮਾਨੀ ਚੋਣਾਂ ਸਮੇਂ ਕੁਝ ਨਾ ਕੁਝ ਖੱਟਿਆ ਹੈ, ਇਸ ਕਰਕੇ ਕਿ ਚੋਣਾਂ ਆਹਮੋ-ਸਾਹਮਣੇ ਨਹੀਂ ਪੰਜ ਕੋਨੀਆਂ ਲੜੀਆਂ ਗਈਆਂ।

ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਉਪਰੰਤ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੂਬੇ ਪੰਜਾਬ 'ਚ ਅਗਲੀਆਂ ਚੋਣਾਂ 'ਚ 'ਆਪ' ਨਾਲ ਉਹ ਕੋਈ ਭਾਈਵਾਲੀ ਨਹੀਂ ਕਰਨਗੇ। ਪੰਜਾਬ ਵਿੱਚ ਵੱਖਰੀਆਂ ਚੋਣਾਂ ਲੜਕੇ ਕਾਂਗਰਸ ਨੇ ਕੁਝ ਖੱਟਿਆ ਹੀ ਹੈ, ਗੁਆਇਆ ਨਹੀ।

ਭਾਰਤੀ ਜਨਤਾ ਪਾਰਟੀ ਪੰਜਾਬ 'ਚ ਪਾਰਲੀਮਾਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਵੋਟ ਪ੍ਰਤੀਸ਼ਤ ਪ੍ਰਾਪਤ ਕਰਕੇ ਉਤਸ਼ਾਹਤ ਹੈ ਅਤੇ ਜ਼ਿਮਨੀ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਵਲੋਂ ਦੂਜੇ ਖੇਮਿਆਂ 'ਚ ਸੰਨ ਲਾਉਣ ਦੀਆਂ ਤਰਤੀਬਾਂ ਲਗਾਤਾਰ ਜਾਰੀ ਹਨ। ਸਿਆਸੀ ਹਲਕੇ ਤਾਂ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਮੌਜੂਦਾ ਭੰਨ ਤੋੜ ਵੀ ਆਰ.ਐਸ.ਐਸ., ਭਾਜਪਾ ਦੀ ਸ਼ਹਿ ਉਤੇ ਹੋ ਰਹੀ ਹੈ।

ਆਮ ਆਦਮੀ ਪਾਰਟੀ ਦਾ ਚੋਣ ਗ੍ਰਾਫ ਘਟਿਆ ਹੈ। ਵੋਟ ਪ੍ਰਤੀਸ਼ਤ ਵੀ ਗੜਬੜ ਹੋਈ ਹੈ ਅਤੇ ਪਾਰਲੀਮੈਂਟ 'ਚ ਉਸਦੇ ਸਿਰਫ਼ ਤਿੰਨ ਉਮੀਦਵਾਰ ਜੇਤੂ ਰਹੇ ਹਨ, ਹਾਲਾਂਕਿ ਉਸ ਵਲੋਂ ਆਪਣੇ ਕੰਮ ਦੇ ਅਧਾਰ 'ਤੇ 13 ਸੀਟਾਂ ਜਿੱਤਣ ਦਾ ਦਾਅਵਾ ਸੀ। ਇਹ ਦਾਅਵਾ ਉਂਜ ਕਾਂਗਰਸ ਵਲੋਂ ਵੀ ਕੀਤਾ ਗਿਆ ਸੀ। ਪੰਜਾਬ ਦੀ ਹਾਕਮ ਧਿਰ ਪੰਜਾਬ 'ਚ ਪੂਰੀਆਂ ਸੀਟਾਂ ਜਿੱਤਣ ਦੇ ਮਾਮਲੇ 'ਚ ਉਸੇ ਤਰ੍ਹਾਂ ਭਰੋਸੇ 'ਚ ਸੀ, ਜਿਵੇਂ ਦਿੱਲੀ ਦਾ ਹਾਕਮ 400 ਸੀਟਾਂ ਜਿੱਤਣ ਦੀ ਗੱਲ, ਦੇਸ਼ 'ਚ ਵਿਕਾਸ, ਲੋਕ ਹਿਤੂ ਕਾਰਜਾਂ ਅਤੇ ਧਾਰਮਿਕ ਪੱਤਾ ਖੇਲ੍ਹਣ ਉਪਰੰਤ ਕਰ ਰਿਹਾ ਸੀ।

ਪਰ ਉਪਰ ਦਿੱਲੀ 'ਚ ਵੀ ਅਤੇ ਇਥੇ ਪੰਜਾਬ 'ਚ ਵੀ ਹਾਕਮ ਧਿਰ ਦੀ ਕਾਰਗੁਜ਼ਾਰੀ ਨੇ ਦਰਸਾ ਦਿੱਤਾ ਕਿ ਲੋਕ ਕੰਮ ਚਾਹੁੰਦੇ ਹਨ, ਰੁਜ਼ਗਾਰ ਚਾਹੁੰਦੇ ਹਨ, ਚੰਗਾ ਜੀਵਨ ਚਾਹੁੰਦੇ ਹਨ, ਸਿਰਫ਼ ਮੁਫ਼ਤ ਬਿਜਲੀ, ਪਾਣੀ ਜਾਂ ਕੁਝ ਲੋਕ ਲਭਾਊ ਨਾਹਰੇ ਜਾਂ ਸਹੂਲਤਾਂ ਤੱਕ ਸੀਮਤ ਨਹੀਂ ਰਹਿ ਸਕਦੇ।

ਪੰਜਾਬ ਇਸ ਵੇਲੇ ਸਿਆਸੀ ਦੁਬਿਧਾ ਵਿੱਚ ਹੈ। ਪੰਜਾਬ ਧੱਕਾ ਨਹੀਂ ਚਾਹੁੰਦਾ। ਪੰਜਾਬ ਵਾਸੀ ਫਰੇਬ ਵਾਲੀ ਰਾਜਨੀਤੀ ਨਹੀਂ ਚਾਹੁੰਦੇ। ਸਿੱਧਾ ਸਾਦਾ ਉਹਨਾ ਦਾ ਸਵਾਲ ਹੈ ਕਿ ਪੰਜਾਬ ਮੌਜੂਦਾ ਸਥਿਤੀ ਵਿੱਚੋਂ ਨਿਕਲੇਗਾ ਕਿਵੇਂ? ਕਿਵੇਂ ਪੰਜਾਬ ਬਚਿਆ ਰਹੇਗਾ ਪ੍ਰਵਾਸ ਤੋਂ ? ਇਸ ਧਰਤੀ ਦੇ ਉਜਾੜੇ ਤੋਂ ? ਆਰਥਿਕ ਮੰਦਹਾਲੀ ਤੋਂ? ਪੰਜਾਬ ਨਾਲ ਜੋ ਨਿਰੰਤਰ ਧੱਕਾ ਹੋਇਆ ਹੈ, ਉਸ ਦਾ ਇਨਸਾਫ ਕੌਣ ਕਰੇਗਾ?

ਜਦੋਂ ਇਹਨਾ ਸਵਾਲਾਂ ਦੇ ਜਵਾਬ ਜਾਂ ਆਸ ਕਿਸੇ ਸਿਆਸੀ ਧਿਰ ਵਲੋਂ ਮਿਲਦਾ ਹੈ ਜਾਂ ਉਸਨੂੰ ਇਹਨਾ ਸਵਾਲਾਂ ਦੇ ਜਵਾਬ ਦੀ ਆਸ ਬੱਝਦੀ ਹੈ, ਉਹ ਉਸ ਵੱਲ ਹੀ ਉਲਰ ਪੈਂਦਾ ਹੈ। ਮਿਸਾਲ ਆਮ ਆਦਮੀ ਪਾਰਟੀ ਦੀ ਪਿਛਲੀ ਸਰਕਾਰ ਦੀ ਹੈ, ਜਦੋਂ 2022 'ਚ 92 ਵਿਧਾਨ ਸਭਾ ਪ੍ਰਤੀਨਿਧ ਉਸਦੇ ਹੀ ਪੰਜਾਬੀਆਂ ਚੁਣ ਦਿੱਤੇ ਤੇ ਧੁਰੰਤਰ ਸਿਆਸਤਦਾਨਾਂ ਨੂੰ ਸਮੇਤ ਪ੍ਰਕਾਸ਼ ਸਿੰਘ ਬਾਦਲ ਦੇ ਉਹਨਾ ਨੂੰ ਚਿੱਤ ਕਰ ਦਿੱਤਾ। ਪਰ ਦੋ ਵਰ੍ਹੇ ਹੀ ਬੀਤੇ ਹਨ, ਹਾਲਾਤ ਮੁੜ ਗੇੜ ਖਾ ਗਏ ਹਨ, ਉਲਾਰੂ ਸਿਆਸਤ ਨੇ ਫਿਰ ਖੰਭ ਫੈਲਾ ਲਏ ਹਨ।ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ। ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਹਨਾ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ?

ਹੁਣ ਸਵਾਲ ਉਠਦੇ ਹਨ। ਫ਼ਰੀਦਕੋਟ ਤੇ ਖਡੂਰ ਸਾਹਿਬ ਤੋਂ ਉੱਠਦੀਆਂ ਗਰਮ ਹਵਾਵਾਂ ਕੀ ਪੰਜਾਬ ਵਿੱਚ ਭਗਵਿਆਂ ਨੂੰ ਆਪਣੀ ਸਿਆਸਤ ਜ਼ਰਖੇਜ਼ ਕਰਨ ਦਾ ਕਾਰਨ ਨਹੀਂ ਬਣੇਗੀ? ਤਾਂ ਫਿਰ ਪੰਜਾਬ ਦਾ ਭਵਿੱਖ ਕੀ ਹੋਵੇਗਾ? ਜੇਕਰ ਇੰਜ ਨਹੀਂ ਹੁੰਦਾ ਤਾਂ ਕੀ ਪੰਜਾਬ ਵੀ ਜੰਮੂ-ਕਸ਼ਮੀਰ ਵਾਂਗਰ ਤਿੰਨ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ 'ਚ ਵੰਡਿਆ ਜਾਏਗਾ?


ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋਕੇ ਸਜ਼ਾਵਾਂ ਲਗਵਾਕੇ ਆਪ ਦੁੱਧ ਧੋਤੇ ਹੋ ਜਾਣਗੇ?ਕੀ ਸੁਖਬੀਰ ਸਿੰਘ ਬਾਦਲ ਪਿਛਲੇ ਕੀਤਿਆਂ ਦੀਆਂ ਭੁਲਾ ਬਖ਼ਸ਼ਾਕੇ ਸਾਫ਼ ਸੁਥਰਾ ਹੋ ਗਿਆ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ 'ਚ ਰਾਜਾਂ ਲਈ ਵਧ ਅਧਿਕਾਰ ਲੈਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁਦੱਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਨਾਉਣ ਦੇ ਚੱਕਰ 'ਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜੇ ਹੋ ਗਏ ਹਨ।

ਪੰਜਾਬ ਦੇ ਕੁਝ ਵਿਰਾਸਤੀ ਮੁੱਦੇ ਹਨ। ਇਹ ਮੁੱਦੇ ਪੰਜਾਬ ਦੇ ਅਣਖੀਲੇ ਲੋਕਾਂ ਦੀ ਸੋਚ ਨਾਲ ਜੁੜੇ ਹੋਏ ਹਨ। ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪਿਛਲੇ ਕੁਝ ਦਹਾਕਿਆਂ ਤੋਂ ਇਹਨਾ ਦੇ ਹੱਲ ਲਈ ਯਤਨਸ਼ੀਲ ਨਹੀਂ ਰਹੀ। ਸਿਆਸੀ ਧਿਰਾਂ ਬੱਸ ਓਪਰੇ -ਓਪਰੇ ਇਹਨਾ ਮੁੱਦਿਆਂ ਨੂੰ ਹੱਥ ਤਾਂ ਲਾਉਂਦੀਆਂ ਰਹੀਆਂ, ਪਰ ਇਹਨਾ ਦੇ ਹੱਲ ਕਰਨ ਲਈ ਹੌਂਸਲਾ ਨਹੀਂ ਕਰ ਰਹੀਆਂ। ਸਗੋਂ ਕਈ ਹਾਲਤਾਂ 'ਚ ਇਹਨਾ ਮੁੱਦਿਆਂ ਨੂੰ ਉਲਝਾ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਸਮਾਜਿਕ, ਸਭਿਆਚਾਰਕ , ਆਰਥਿਕ ਸਥਿਤੀ ਪਚੀਦਾ ਹੁੰਦੀ ਜਾ ਰਹੀ ਹੈ।

ਪੰਜਾਬ 'ਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਹਨਾ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
$20 MONTHLY
SUBSCRIPTION
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727

# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

Email: palfilms@yahoo.com, palfilms925@gmail.com, www.palfilms.com

**4007 Railroad Ave
Pittsburgh, CA 94565**

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ।।

ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ । ।੧॥




ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ

## ਮਹਾਨ ਸੰਤ ਅਤੇ ਕਵੀ ਭਗਤ ਕਬੀਰ ਜੀ ਦੇ ਆਗਮਨ ਪੂਰਬ ਸੰਬੰਧੀ

ਸਰਬੱਤ ਦੇ ਭਲੇ ਲਈ

## ਸ੍ਰੀ ਅਖੰਡ ਪਾਠ ਸਾਹਿਬ ਅਤੇ ਕਥਾ -ਕੀਰਤਨ

09,10 ਅਤੇ 11 ਅਗਸਤ ਦਿਨ ਸ਼ੁੱਕਰ, ਸ਼ਨੀ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ

ਸੰਗਤ ਤੇ ਸੇਵਾਦਾਰਾਂ ਦੇ ਪਰਿਵਾਰਾਂ ਵੱਲੋਂ ਸੇਵਾ

09 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ )

11 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ )

ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੀ ਕੀਰਤਨ ਦੀਵਾਨ ਸੱਜਣਗੇ ਤੇ ਸੰਗਤਾਂ ਨੂੰ ਮਹਾਨ ਕੀਰਤਨੀਆਂ ਤੇ ਰਾਗੀਆਂ ਵੱਲੋਂ ਨਿਹਾਲ ਕੀਤਾ ਜਾਵੇਗਾ ।

## ਸੇਵਾਦਾਰ ਪਰਿਵਾਰਾਂ ਵੱਲੋਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ |

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਹੁੰਚੋ ਤੇ ਆਪਣੀਆਂ ਹਾਜ਼ਰੀਆਂ ਲਗਵਾਓ ਜੀ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੌਰਾਨ ਲੰਗਰ ਦੀ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਤੇ ਅਸ਼ੀਰਵਾਦ ਪ੍ਰਾਪਤ ਕਰੋ ਜੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਰਮੇਸ਼ ਸੁਮਨ : (925) 366 3618 | ਦਿਲਬਾਗ਼ ਸਿੰਘ (209) 834 4641 | ਵਿਨੋਦ ਕੁਮਾਰ : +1 (408) 718-2506

SRI GURU RAVIDASS TEMPLE: 2150 CRESTVIEW DRIVE, PITTSBURG, CA 94565

# ਅਜਾਇਬ ਚਿੱਤਰਕਾਰ ਜੀ ਨੂੰ ਯਾਦ ਕਰਦਿਆਂ....



ਸਾਂਝੀ ਸੋਚ
ਪਰਵੀਨ ਕੌਰ ਸਿੱਧੂ
8146536200

ਅਜਾਇਬ ਚਿੱਤਰਕਾਰ ਮਹਾਨ ਚਿੱਤਰਕਾਰ ਹੋਏ ਹਨ। ਉਹਨਾਂ ਦਾ ਜੀਵਨ ਕਾਲ 1924 ਤੋਂ 2012 ਤੱਕ ਦਾ ਸੀ। ਉਹ ਪੰਜਾਬੀ ਅਤੇ ਉਰਦੂ ਦੇ ਕਵੀ ਅਤੇ ਪ੍ਰਸਿੱਧ ਚਿੱਤਰਕਾਰ ਸਨ। ਅਜਾਇਬ ਚਿੱਤਰਕਾਰ ਜੀ ਦੇ ਪਿਤਾ ਜੀ ਸਿਰਸਾ ਵਿਖੇ ਕੰਮ ਕਰਦੇ ਸਨ ਉਸ ਸਮੇਂ ਸਿਰਸਾ ਵਿਖੇ ਹੀ ਅਜਾਇਬ ਚਿੱਤਰਕਾਰ ਜੀ ਦਾ ਮੇਲ ਅਬਦੁਲ ਰਸ਼ੀਦ ਹੈਦਰ ਜੀ ਨਾਲ਼ ਹੋਇਆ। ਉਹ ਸ਼ਾਇਰ ਵੀ ਸਨ ਅਤੇ ਚਿੱਤਰਕਾਰ ਵੀ ਸਨ। ਅਜਾਇਬ ਚਿੱਤਰਕਾਰ ਨੇ ਉਨ੍ਹਾਂ ਦਾ ਅਸਰ ਵੀ ਕਬੂਲਿਆ। ਉਹਨਾਂ ਨੂੰ ਪ੍ਰੇਰਨਾ ਸਰੋਤ ਮੰਨਦਿਆਂ ਆਪਣੇ ਮਨ ਹੀ ਮਨ ਅਬਦੁਲ ਰਸ਼ੀਦ ਹੈਦਰ ਜੀ ਨੂੰ ਗੁਰੂ ਧਾਰਨ ਕਰ ਲਿਆ। ਉਨ੍ਹਾਂ ਉਸ ਨੂੰ ਸੰਥਿਆ ਦਿੰਦਿਆਂ ਕਿਹਾ, "ਸ਼ਾਇਰੀ ਲਫ਼ਜ਼ਾਂ ਅਤੇ ਖ਼ਿਆਲਾਂ ਦੇ ਖ਼ੂਬਸੂਰਤ ਸੁਮੇਲ ਅਤੇ ਅਹਿਸਾਸ 'ਚੋਂ ਪੈਂਦਾ ਹੁੰਦੀ ਹੈ। ਖ਼ਿਆਲ ਤਾਂ ਹਰੇਕ ਕੋਲ਼ ਹੁੰਦੇ ਹਨ ਪਰ ਵੱਧ ਅਹਿਮੀਅਤ ਖ਼ਿਆਲ ਦੀ ਪੇਸ਼ਕਾਰੀ ਦੀ ਹੁੰਦੀ ਹੈ। ਸ਼ਾਇਰੀ ਵਿੱਚ ਖ਼ੂਬਸੂਰਤ ਅੰਦਾਜ਼ ਲਗਾਤਾਰ ਮਿਹਨਤ ਅਤੇ ਅਭਿਆਸ ਕਰਕੇ ਹੀ ਹਾਸਲ ਕੀਤਾ ਜਾ ਸਕਦਾ ਹੈ।" ਅਜਾਇਬ ਜੀ ਨੇ ਇਸ ਸਲਾਹ 'ਤੇ ਪੂਰਾ ਉਤਰਦਿਆਂ ਮਿਹਨਤ ਵੀ ਕੀਤੀ, ਰਿਆਜ਼ ਵੀ ਖ਼ੂਬ ਕੀਤਾ ਅਤੇ ਲਫ਼ਜ਼ਾਂ ਅਤੇ ਖ਼ਿਆਲਾਂ ਨੂੰ ਗੂੜ੍ਹਾ ਕਰਕੇ ਸਦਾ ਯਾਦ ਰਹਿਣਯੋਗ ਸ਼ੇਅਰ ਕਹੇ-

"ਪੀੜ ਦਿਲ ਦੀ, ਮੈਂ ਸਮੇਂ ਦੀ ਹਿੱਕ 'ਤੇ ਚਿੱਤਰਾਂ ਕਿਵੇਂ,
ਨਾ ਇਹ ਕਾਗ਼ਜ਼, ਨਾ ਇਹ ਕੈਨਵਸ, ਨਾ ਇਹ ਪੱਥਰ ਦੋਸਤੋ।"

ਅਜਾਇਬ ਚਿੱਤਰਕਾਰ ਜੀ ਦੀ ਸ਼ਾਇਰੀ ਅਤੇ ਜ਼ਿੰਦਗੀ ਅਸੂਲਪ੍ਰਸਤੀ ਵਾਲੀ ਸੀ। ਉਹ ਆਪਣੀਆਂ ਸ਼ਰਤਾਂ 'ਤੇ ਜਿਊਂਦੇ ਰਹੇ। ਉਹਨਾਂ ਨੇ ਆਪਣੀ ਛਵੀਂ ਨੂੰ ਬੇਦਾਗ਼ ਰੱਖਿਆ। ਅਜਾਇਬ ਚਿੱਤਰਕਾਰ ਕਵਿਤਾ ਅਤੇ ਚਿੱਤਰਕਾਰੀ ਦਾ ਸੁਮੇਲ ਸੀ। ਉਹ ਸ਼ਬਦਾਂ ਅਤੇ ਰੰਗਾਂ ਰਾਹੀਂ ਅਜਿਹੀ ਕਲਾ ਦਿਖਾਉਂਦੇ ਸਨ ਕਿ ਮਨਾਂ ਦੇ ਹਨੇਰੇ ਅਤੇ ਵੀਰਾਨ ਕੋਨੇ ਵੀ ਜਗਮਗਾ ਉੱਠਦੇ ਸਨ। ਉਹ ਕਲਮ ਨਾਲ਼ ਚਿੱਤਰ ਬਣਾਉਂਦੇ ਸਨ ਅਤੇ ਬੁਰਸ਼ ਨਾਲ਼ ਕਵਿਤਾ ਲਿਖਦੇ ਸਨ। ਉਹਨਾਂ ਨੇ ਕਵਿਤਾ ਵੀ ਰਚੀ ਅਤੇ ਜ਼ਿੰਦਗੀ ਨਾਲ਼ ਸੰਘਰਸ਼ ਵੀ ਕੀਤਾ। ਉਹਨਾਂ ਦੇ ਪਿਤਾ ਜੀ ਕਵੀਸ਼ਰ ਸਨ। ਉਹ ਪੰਜਵੀਂ-ਛੇਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਕਵਿਤਾਵਾਂ ਲਿਖਣ ਲੱਗ ਪਏ ਸਨ। ਉਹਨਾਂ ਨੂੰ ਕਲਾ ਵਿਰਸੇ ਵਿੱਚੋਂ ਹੀ ਮਿਲੀ ਸੀ ਅਤੇ ਉਹ ਵਿਰਾਸਤ ਵਿੱਚ ਕਲਾ ਛੱਡ ਕੇ ਗਏ ਹਨ। ਉਹਨਾਂ ਦਾ ਛੋਟਾ ਪੁੱਤਰ ਹਰਪਾਲ ਇੱਕ ਚੰਗਾ ਚਿੱਤਰਕਾਰ ਹੈ ਅਤੇ ਦੂਜਾ ਬੇਟਾ ਗੁਰਪਾਲ ਉਹਨਾਂ ਦੀ ਕਲਮ ਸੰਭਾਲ ਰਿਹਾ ਹੈ। ਜਦੋਂ ਕਿ ਵੱਡਾ ਬੇਟਾ ਨਾਗਰ ਸਿੰਘ ਆਰਟ-ਕਰਾਫ਼ਟ ਦਾ ਵਿਦਿਆਰਥੀ ਹੀ ਨਹੀਂ, ਸਗੋਂ ਨਵੇਂ ਅਧਿਆਪਕ ਵੀ ਪੈਂਦਾ ਕਰ ਰਿਹਾ ਹੈ।

ਉਨ੍ਹਾਂ ਨੇ ਮੇਘਦੂਤ (ਕਾਲੀਦਾਸ), ਗੀਤਾਂਜਲੀ (ਟੈਗੋਰ) ਅਤੇ ਮੈਕਾਲਿਫ਼ ਦੀ ਰਚਨਾ ਸਿੱਖ ਰਿਲੀਜ਼ਨ ਦਾ ਪੰਜਾਬੀ ਅਨੁਵਾਦ ਵੀ ਕੀਤਾ । ਉਨ੍ਹਾਂ ਨੇ ਗੁਰੂ ਤੇਗ਼ ਬਹਾਦੁਰ ਜੀ ਉੱਪਰ ਇਕ ਮਹਾਂ-ਕਾਵਿ ਵੀ ਲਿਖਿਆ । ਉਨ੍ਹਾਂ ਨੇ ਲਗਭਗ 15 ਕਾਵਿ-ਪੁਸਤਕਾਂ ਅਤੇ 50 ਬੱਚਿਆਂ ਲਈ ਰਚਨਾਵਾਂ ਲਿਖੀਆਂ, ਜਿਨ੍ਹਾਂ ਨੂੰ ਚਿੱਤਰਿਤ ਵੀ ਉਨ੍ਹਾਂ ਨੇ ਆਪ ਹੀ ਕੀਤਾ । ਉਨ੍ਹਾਂ ਦੀ ਪਹਿਲੀ ਕਾਵਿ-ਪੁਸਤਕ 'ਦੁਮੇਲ' 1947 ਵਿਚ ਛਪੀ ਸੀ। 50 ਤੋਂ ਵੱਧ ਬਾਲ-ਪੁਸਤਕਾਂ ਰਚੀਆਂ। ਭਾਸ਼ਾ ਵਿਭਾਗ ਪੰਜਾਬ ਨੇ ਉਸ ਦੀ ਚੋਣਵੀਂ ਕਵਿਤਾ ਛਾਪੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ ਤੌਰ 'ਤੇ ਲਿਖਵਾ ਕੇ ਸਵੈ-ਜੀਵਨੀ ਵੀ ਛਾਪਵਾਈ, ਜੋ ਉਸ ਦੀ ਵਾਰਤਕ ਕਲਾ ਦੀ ਇੱਕ ਮਿਸਾਲ ਹੈ। ਉਹਨਾਂ ਦੀਆਂ ਉਰਦੂ ਗ਼ਜ਼ਲਾਂ ਦਾ ਇੱਕ ਸੰਗ੍ਰਹਿ 'ਆਬਸ਼ਾਰ' ਵੀ ਪ੍ਰਕਾਸ਼ਿਤ ਹੋਇਆ ਹੈ। ਅਜਾਇਬ ਚਿਤ੍ਰਕਾਰ ਜੀ ਦੀ ਪੁਸਤਕ 'ਪੰਜਾਬੀ ਚਿੱਤਰਕਾਰ' ਵਿੱਚ ਪੰਜਾਬ ਦੇ ਪੈਂਤੀ ਚਿੱਤਰਕਾਰਾਂ ਨਾਲ਼ ਸਬੰਧਿਤ ਲੇਖ ਵੀ ਹਨ।

ਉਹਨਾਂ ਨੇ ਬੈਂਤ ਕਾਵਿ-ਰੂਪ ਵਿੱਚ ਵੀ ਕਵਿਤਾ ਲਿਖੀ, ਗੀਤ ਵੀ ਲਿਖੇ, ਨਜ਼ਮ ਵੀ ਕਹੀ ਅਤੇ ਗ਼ਜ਼ਲ ਵੀ ਕਹੀ। ਉਹਨਾਂ ਨੇ 'ਸਾਹਿਤ ਸਮਾਚਾਰ' ਅਤੇ 'ਬਾਲ ਦਰਬਾਰ' ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਕਿਲਾ ਰਾਇਪੁਰ ਤੋਂ ਅਧਿਆਪਕ ਦੇ ਤੌਰ 'ਤੇ ਕੰਮ ਸ਼ੁਰੂ ਕੀਤਾ ਸੀ ਅਤੇ ਪੀ.ਏ.ਯੂ. ਵਿਚੋਂ ਸੀਨੀਅਰ ਆਰਟਿਸਟ ਦੇ ਤੌਰ 'ਤੇ ਸੇਵਾ ਮੁਕਤ ਹੋਏ ਸਨ। ਖਾਲਸਾ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ 'ਚ ਉਹ ਉੱਘੇ ਉਦਯੋਗਪਤੀ ਜਗਤ ਸਿੰਘ ਜੀ ਦੇ ਉਸਤਾਦ ਸਨ। ਖੇਤੀਬਾੜੀ ਮਹਿਕਮੇ 'ਚ ਆਰਟਿਸਟ ਵਜੋਂ ਭਰਤੀ ਹੋ ਗਏ ਪਰ ਪਹਿਲਾਂ ਲਾਹੌਰ ਬੁੱਕ ਸ਼ਾਪ 'ਚ ਵੀ 'ਸਾਹਿਤ ਸਮਾਚਾਰ' ਤੇ 'ਬਾਲ ਦਰਬਾਰ' ਦੇ ਸੰਪਾਦਕ ਰਹੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ 'ਲੋਗੋ' ਅਜਾਇਬ ਚਿੱਤਰਕਾਰ ਜੀ ਦੁਆਰਾ ਹੀ ਡਿਜ਼ਾਇਨ ਕੀਤੇ ਹੋਏ ਹਨ।

ਦਰਅਸਲ ਅਜਾਇਬ ਜੀ ਸੰਘਰਸ਼ ਦੇ ਕਵੀ ਸਨ। ਉਹਨਾਂ ਦਾ ਸਮੁੱਚਾ ਜੀਵਨ ਸੰਘਰਸ਼ ਵਿੱਚ ਹੀ ਗੁਜ਼ਰਿਆ। ਕਵਿਤਾ ਉਹਨਾਂ ਦਾ ਹਥਿਆਰ ਵੀ ਕਹਿ ਸਕਦੇ ਸੀ। ਉਹ ਸੂਲੀ ਦੀ ਨੋਕ, ਕਲਮ ਅਤੇ ਰੱਤ ਦੀ ਸਿਆਹੀ ਨਾਲ਼ ਦਿਲ ਦੇ ਨਕਸ਼ ਨਿਖ਼ਾਰਦੇ ਸਨ।

ਉਹਨਾਂ ਦੇ ਚਿੱਤਰ, ਸ਼ਿਅਰ ਅਤੇ ਨਜ਼ਮਾਂ ਸਦੀਵੀ ਚਾਨਣ ਪਸਾਰਨ ਵਿੱਚ ਯਤਨਸ਼ੀਲ ਰਹਿਣ ਵਾਲੀਆਂ ਹਨ। ਅਜਾਇਬ ਜੀ ਆਖਦੇ ਸਨ ਕਿ ਜਿਹੜਾ ਸਿਤਮ ਨਾਲ਼ ਲੋਹਾ ਲੈਣ ਦਾ ਜੇਰਾ ਨਹੀਂ ਰੱਖਦੇ ਉਹ ਕਾਹਦੇ ਲਿਖਾਰੀ ਹਨ। ਉਹਨਾਂ ਨੇ ਆਪਣੀ ਕਵਿਤਾ ਰਾਹੀਂ ਲੋਕ ਪੀੜਾਂ ਨੂੰ ਸਮੇਂ ਦੀ ਹਿੱਕ 'ਤੇ ਚਿਤਰਨ ਦਾ ਹਰ ਸੰਭਵ ਉਪਰਾਲਾ ਕੀਤਾ ਸੀ। ਉਹ ਹਮੇਸ਼ਾ ਨਿੱਤ ਨਵੇਂ ਧਰਤੀ-ਆਕਾਸ਼ ਦੀ ਸਿਰਜਣਾ ਕਰਨੀ ਲੋਚਦੇ ਸਨ। ਪੰਜਾਬੀ ਸਾਹਿਤ ਦਾ ਇਹ ਜਾਂਬਾਜ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਮੁਖ਼ਾਤਿਬ ਹੁੰਦਾ ਰਹੇਗਾ ਅਤੇ ਉਸ ਦੀ ਯਾਦ ਪੰਜਾਬੀ ਪਾਠਕਾਂ ਦੇ ਦਿਲਾਂ ਵਿੱਚ ਹਮੇਸ਼ਾ ਵੱਸਦੀ ਰਹੇਗੀ।




A One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

# SUNLIGHT ADULT DAY HEALTH CARE CENTRE

ਬੁਢਾਪੇ ਨੂੰ ਖ਼ੁਸ਼ਹਾਲ ਤੇ ਰੰਗੀਨ ਬਣਾਓ
ਨਵੀਆਂ-ਨਵੀਆਂ communities ਦੇ
ਲੋਕਾਂ ਨਾਲ ਬਿਤਾਓ ਸਮਾਂ



ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ




Bus Pickup & Drop
ਸਾਫ਼- ਸੁਥਰਾ ਮਾਹੌਲ
Health Care Facility

Physical, Occupational & Speech Therapy
Dietition ਦੁਆਰਾ ਤਿਆਰ Nutritional Diet
ਮੈਡੀਕਲ ਸਹੂਲਤਾਂ Entertainment ਲਈ GAMES

ਅਸੀਂ ਤੁਹਾਡਾ ਮਨਪਸੰਦ 'ਇੰਡੀਅਨ ਖਾਣਾ' ਵੀ provide ਕਰਦੇ ਹਾਂ



ਅਗਰ ਤੁਹਾਡੇ ਕੋਲ ਮੈਡੀਕਲ ਹੈ ਤਾਂ ਸੈਂਟਰ ਵੱਲੋਂ
ਤੁਹਾਨੂੰ ਸਾਰੀਆਂ ਸੇਵਾਵਾਂ ਮੁਫ਼ਤ ਮਿਲਣਗੀਆਂ

ADDRESS:1581 Cummins Drive Suite 100, Modesto, CA 95358

CALL TODAY AT - (209) 408-0019
Email : sunlightadhc@yahoo.com

ਅਸੀਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ-ਬਰ -ਤਿਆਰ ਹਾਂ

# ਬਰਫ਼ੀ



ਪਾਪਾ ਮੇਰੇ ਬਰਫ਼ੀ
ਲਿਆਏ
ਮੰਮੀ ਵੀ ਮਠਿਆਈ
ਲਿਆਏ,
ਸਾਰਿਆਂ ਨੇ ਬਰਫ਼ੀ ਖਾਧੀ,
ਸਾਰਿਆਂ ਨੇ ਖੁਸ਼ੀ ਕਰੋ,
ਮਨਾਈ, ਸਾਨੂੰ ਚੀਜੀ ਲਿਆਇਆ
ਰੋਜ਼ ਬਾਜ਼ਾਰ ਜਾਇਆ ਕਰੋ।



**ਭੁਪਿੰਦਰ ਸਿੰਘ, ਜਮਾਤ ਪੰਜਵੀਂ**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ,**
**ਗੰਭੀਰਪੁਰ ਲੋਅਰ, ਜਿਲ੍ਹਾ**
**ਰੂਪਨਗਰ,**
**ਗਾਈਡ ਅਧਿਆਪਕ**
**ਮਾਸਟਰ ਸੰਜੀਵ ਧਰਮਾਣੀ**
9478561356

# ਹਕੀਕਤ

*-ਦੋਸਤੋ ਜਿਸ ਬੰਦੇ ਨੂੰ ਮਾੜਾ ਵਕਤ ਚੜ੍ਹਦੀ ਕਲਾ ਚ ਗੁਜਾਰਨ ਦੀ ਜਾਚ ਆ ਗਈ, ਉਹਨੂੰ ਕਦੇ ਕੋਈ ਗਰੀਬ ਨਹੀਂ ਕਰ ਸਕਦਾ। ਉਹ ਅਮੀਰ ਜੰਮਿਆ ਤੇ ਅਮੀਰ ਹੀ ਮਰੂ।

*-ਝੂਠ ਬੋਲੀਂ ਨਾ ਘੱਟ ਤੋਲੀਂ ਨਾ, ਦਗਾ ਕਿਸੇ ਨਾਲ ਮਨਾ ਕਮਾਈਂ ਨਾ। ਪਾਟੀਆਂ ਲੀਰਾਂ ਚ ਵੀ ਕਈ ਅਮੀਰ ਹੁੰਦੇ ਨੇ, ਹਾਸਾ ਕਿਸੇ ਦਾ ਕਦੇ ਉਡਾਈਂ ਨਾ।

*-ਜੇਕਰ ਖੁਸ਼ ਰਹਿਣਾ ਹੈ ਤਾਂ ਜ਼ਿੰਦਗੀ ਦੇ ਫੈਂਸਲੇ ਆਪਣੇ ਹਾਲਾਤਾਂ ਨੂੰ ਦੇਖ ਕੇ ਲਵੋ, ਦੁਨੀਆਂ ਨੂੰ ਦੇਖ ਕੇ ਜੋ ਫ਼ੈਸਲੇ ਲੈਂਦੇ ਹਨ ਉਹ ਹਮੇਸ਼ਾਂ ਦੁਖੀ ਰਹਿੰਦੇ ਨੇ।

*-ਗੱਡੀ ਚਲਾਉਣ ਵੇਲੇ ਸੀਟ ਬੈਲਟ ਅਤੇ ਬਾਈਕ ਚਲਾਉਣ ਵੇਲੇ ਹੈਲਮੇਟ ਜਰੂਰ ਪਾਇਆ ਕਰੋ, ਸਿਰਫ ਕਰਵਾ ਚੌਥ ਦੇ ਭਰੋਸੇ ਨਾ ਬੈਠੇ ਰਹਿਣਾ।

*-ਕਦੇ ਡਿੱਗ ਜਾਉ ਤਾਂ ਖੁਦ ਹੀ ਉਠ ਜਾਇਓ, ਕਿਉਂਕਿ ਲੋਕ ਸਿਰਫ ਡਿੱਗੇ ਹੋਏ ਪੈਸੇ ਚੁੱਕਦੇ ਹਨ, ਡਿੱਗੇ ਹੋਏ ਲੋਕਾਂ ਨੂੰ ਨਹੀਂ।

*-ਰਾਮ ਰਾਜ ਦੀ ਨੀਤੀ, 20 ਬੱਚਿਆਂ ਪਿੱਛੇ ਇੱਕ ਅਧਿਆਪਕ-ਖ਼ਜਾਨੇ ਤੇ ਬੋਝ। ਇੱਕ ਮੰਤਰੀ ਨਾਲ 20 ਪੁਲਿਸ ਵਾਲੇ-ਖ਼ਜਾਨੇ ਨੂੰ ਕੋਈ ਫਰਕ ਨਹੀਂ ਪੈਂਦਾ।

*-ਜੇਕਰ ਸਾਡੀਆਂ ਆਦਤਾਂ 'ਚ ਗੁੱਸਾ ਤੇ ਘਮੰਡ ਹੈ ਤਾਂ ਸਾਨੂੰ ਬਰਬਾਦ ਕਰਨ ਲਈ ਦੁਸ਼ਮਣ ਨਹੀਂ ਅਸੀਂ ਖੁਦ ਹੀ ਕਾਫ਼ੀ ਹਾਂ।

*-ਬੰਦੇ ਦੀ ਸੋਚ ਤੇ ਕਿਰਦਾਰ ਸੋਹਣਾ ਹੋਣਾ ਚਾਹੀਦਾ ਹੈ, ਸ਼ਕਲ ਤਾਂ ਬੇਅਕਲਾਂ ਦੀ ਵੀ ਸੋਹਣੀ ਹੁੰਦੀ ਹੈ।

*-ਆਪਣੇ ਅੰਦਰ ਝਾਤੀ ਮਾਰਨ ਲਈ ਜਿਗਰਾ ਚਾਹੀਦਾ, ਦੂਸਰੇ ਵਿੱਚ ਗਲਤੀਆਂ ਕੱਢਣੀਆਂ ਤਾਂ ਬਹੁਤ ਅਸਾਨ ਨੇ।

*-ਕਈ ਲੋਕਾਂ 'ਚ ਇਹ ਕਾਬਲੀਅਤ ਹੁੰਦੀ ਹੈ ਕਿ ਤੁਸੀਂ ਜਿੰਨਾ ਮਰਜੀ ਚੰਗਾ ਕੰਮ ਕਰ ਲਵੋ ਪਰ ਉਹ ਤੁਹਾਡੇ ਵਿੱਚ ਬੁਰਾਈ ਲੱਭ ਹੀ ਲੈਣਗੇ।

*-ਸਫ਼ਰ ਲੰਬਾ ਨਹੀਂ ਤਜੁਰਬੇਕਾਰ ਹੋਣਾ ਚਾਹੀਦਾ, ਹਮਸਫ਼ਰ ਸੋਹਣਾ ਨਹੀਂ ਵਫ਼ਾਦਾਰ ਹੋਣਾ ਚਾਹੀਦਾ।



**Paramjit Singh Sekhon (Dakha)**
President, Dal Khalsa Alliance
1700 Shattuck Ave, # 303 Berkeley CA 94709. (510)774 5909.
*A Nonprofit Organization Dedicated to Public Awareness*

**LARRY T. NIERMEYER**



**Attorney at Law**



**OFFERING SERVICES IN THE FOLLOWING AREAS**

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation



**PHONE: (209) 574-9447**

**1420 F STREET ST_ 2ND FLOOR MODESTO, CA 95354**

Email : ltniermeyer@aol.com




SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260